# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧: ਨੂਰ-ਏ-ਤੌਹੀਦ (ਵਹਿਦਤ ਦੀ ਰੌਸ਼ਨੀ)

ਗੁਰੂ ਨਾਨਕ ਵਹਿਦਤ ਦਾ ਮੁਜੱਸਮਾ ਹਨ ਜੋ ਬਹੁਤ ਲੋਕਾਂ ਦੇ ਰਹਿਨੁਮਾ ਹਨ। ਪੰਦਰ੍ਹਵੀਂ ਸਦੀ ਵਿੱਚ ਪੈਦਾ ਹੋਏ ਗੁਰੂ ਨਾਨਕ ਨੇ ਦੋ ਦਹਾਕਿਆਂ ਤੋਂ ਜ਼ਿਆਦਾ ਸਮਾਂ ਦੂਰ-ਦੁਰੇਡੀਆਂ ਥਾਂਵਾਂ ਦਾ ਬੇਗ਼ਰਜ਼ ਸਫ਼ਰ ਕੀਤਾ। ਵੰਨ-ਸਵੰਨੇ ਸੱਭਿਆਚਾਰਾਂ ਅਤੇ ਮਜ਼ਹਬੀ ਅਕੀਦਿਆਂ ਦੇ ਲੋਕਾਂ ਨਾਲ ਸਾਂਝ ਪਾਉਣ ਲਈ ਉਨ੍ਹਾਂ ਨੇ ਫ਼ਲਸੂਫ਼ੀਆ ਅਤੇ ਸਮਾਜਿਕ ਗੋਸ਼ਟਿ ਰਚਾਇਆ। ਸ਼ਬਦਾਂ ਅਤੇ ਮੌਸਿਕੀ ਰਾਹੀਂ, ਉਨ੍ਹਾਂ ਨੇ ਆਪਣਾ ਤਜਰਬਾਤੀ ਗਿਆਨ ਦਿਲਕਸ਼ੀ ਨਾਲ ਵਰਤਾਇਆ। ਵਹਿਦਤ ਦੀ ਪੈਰਵੀ ਲਈ ਉਨ੍ਹਾਂ ਨੇ ਬੇਖ਼ੌਫ਼ ਹੋ ਕੇ ਸਮਾਜਿਕ ਵੰਡੀਆਂ ਨੂੰ ਵੰਗਾਰਿਆ ਅਤੇ ਸਿਦਕਦਿਲੀ ਨਾਲ ਲਿੰਗਕ, ਮਜ਼ਹਬੀ, ਨਸਲੀ ਅਤੇ ਜਮਾਤੀ ਨਾਬਰਾਬਰੀ ਦਾ ਵਿਰੋਧ ਕੀਤਾ।

ਅਮਰਦੀਪ ਸਿੰਘ: ਮੇਰਾ ਨਾਮ ਅਮਰਦੀਪ ਸਿੰਘ ਹੈ। ਮੈਂ ਤਰਤੀਬਵਾਰ ਗੁਰੂ ਨਾਨਕ ਦੇ ਜੀਵਨ ਬਿਰਤਾਂਤ ਨੂੰ ਪੁਰਾਤਨ ਇਤਿਹਾਸਕ ਲਿਖਤਾਂ ਮੁਤਾਬਕ ਤਲਾਸ਼ ਕਰਾਂਗਾ।

**ਮਹੰਤ ਵਿਸ਼ਨੂੰ ਦਾਸ ਉਦਾਸੀਨ**: ਗੁਰੂ ਨਾਨਕ ਨੇ ਸਾਨੂੰ ਇਲਾਹੀ ਦਾ ਸੱਚ ਸਮਝਾਇਆ ਜੋ ਸਭ ਨੂੰ ਜੋੜਨ ਵਾਲੀ ਤਾਕਤ ਹੈ।

**ਡਾ: ਦਲਜੀਤ ਸੇਠੀ**: ਉਨ੍ਹਾਂ ਨੇ ਸਮੁੱਚੀ ਮਨੁੱਖਤਾ ਨੂੰ ਵਹਿਦਤ ਦਾ ਸੁਨੇਹਾ ਦਿੱਤਾ ਜੋ ਇਲਾਕਿਆਂ, ਜਾਤਾਂ ਅਤੇ ਮਜ਼ਹਬਾਂ ਦੀਆਂ ਵੰਡੀਆਂ ਤੋਂ ਪਾਰ ਹੈ।

**ਅਨਿਲ ਧੀਰ**: ੫੩੦ ਸਾਲ ਪਹਿਲਾਂ ਉਨ੍ਹਾਂ ਨੇ ਅਣਜਾਣ ਥਾਂਵਾਂ ਦਾ ਸਫ਼ਰ ਕੀਤਾ। ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਡੂੰਘਾ ਅਸਰ ਪਾਇਆ। ਇਹ ਅਸਰ ਨਾ ਸਿਰਫ਼ ਪੱਕੇ ਤੌਰ ਉੱਤੇ ਪਿਆ ਸਗੋਂ ਅੱਗੇ ਵੀ ਵਧਿਆ।

ਨੂਰ-ਏ-ਤੌਹੀਦ, ਵਹਿਦਤ ਦੀ ਰੌਸ਼ਨੀ ਜਗਾਉਣ ਵਾਲੇ ਕੋਮਲ ਜੁਝਾਰੂ ਦੀ ਅਣਭੋਲ ਉਮਰ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
(ਜਪੁ, ਗੁਰੂ ਨਾਨਕ)

ਕਰਤਾ ਹਾਜ਼ਰਾ-ਹਜ਼ੂਰ ਹੈ। ਉਹ ਸੱਚ ਹੈ। ਹਰ ਸਾਜਣਾ ਵਿੱਚ ਨਾਜ਼ਰ ਹੈ। ਬੇਖ਼ੌਫ਼ ਹੈ। ਤੇਰ-ਮੇਰ ਤੋਂ ਉੱਤੇ ਹੈ। ਯੁੱਗੋ-ਯੁੱਗ ਅਟੱਲ ਹੈ। ਜਨਮ-ਮਰਨ ਦੇ ਚੱਕਰ ਤੋਂ ਅਗੰਮ ਹੈ। ਉਹ ਆਪੇ ਰੌਸ਼ਨ ਹੈ। ਰਹਿਬਰ ਦੀ ਰਹਿਮਤ ਨਾਲ ਨਾਜ਼ਲ ਹੁੰਦਾ ਹੈ।
(ਜਪੁ, ਗੁਰੂ ਨਾਨਕ)

ਸੈਨਤ ਉਹ ਕੁੰਜੀ ਹੈ ਜੋ ਬਿਰਤਾਂਤ ਦੇ ਗੁੱਝੇ ਅਰਥਾਂ ਦਾ ਭੇਦ ਖੋਲ੍ਹਦੀ ਹੈ।

ਅਜ਼ਲਾਂ ਤੋਂ ਲੋਕ ਆਪਣੇ ਮਨਸੂਬਿਆਂ ਹਿਤ ਨਵੀਂਆਂ ਥਾਂਵਾਂ ਦਾ ਸਫ਼ਰ ਕਰਦੇ ਰਹੇ ਹਨ। ਸਿਕੰਦਰ ਨੇ ਪਰਾਏ ਮੁਲਕ ਜਿੱਤੇ। ਮਾਰਕ ਪੋਲੋ ਨੇ ਸੌਦਾਗਰੀ ਦੀ ਗੁੰਜਾਇਸ਼ ਫਰੋਲੀ।

ਗੁਰੂ ਨਾਨਕ ਨਿਆਰੀ ਸ਼ਖ਼ਸੀਅਤ ਹਨ। ਉਹ ਅਜਿਹੇ ਰੂਹਾਨੀ ਮੁਸਾਫ਼ਰ ਸਨ ਜਿਨ੍ਹਾਂ ਨੇ ਆਪਣੀਆਂ ਉਦਾਸੀਆਂ ਦੌਰਾਨ ਬਿਖ਼ੜੇ ਪੈਂਡੇ ਤੈਅ ਕੀਤੇ ਅਤੇ ਵਹਿਦਤ ਦਾ ਕਰਤਾਰੀ ਬੋਲ ਸੁਣਾਇਆ।

ਗੁਰੂ ਨਾਨਕ ਨੇ ਆਪਣੇ ਜੀਵਨ ਬਾਬਤ ਤਾਂ ਕੁਝ ਨਹੀਂ ਲਿਖਿਆ ਪਰ ਆਪਣੀ ਵਿਰਾਸਤ ਵਜੋਂ ਇਲਾਹੀ ਬਾਣੀ ਦਾ ਅਨੰਤ ਭੰਡਾਰ ਛੱਡ ਗਏ ਜੋ ਜਗਿਆਸੂਆਂ ਨੂੰ ਜ਼ਿੰਦਗੀ ਦੇ ਹਰ ਪੜਾਅ ਉੱਤੇ ਪ੍ਰੇਰਨਾ ਦਿੰਦਾ ਹੈ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥
(ਰਾਗ ਧਨਾਸਰੀ, ਗੁਰੂ ਨਾਨਕ)

ਨਾਨਕ ਨੇ ਫ਼ਰਮਾਇਆ ਕਿ ਜਦੋਂ ਤੱਕ ਇਸ ਜਗਤ ਪਸਾਰੇ ਵਿੱਚ ਇਨਸਾਨੀ ਹੋਂਦ ਹੈ,
ਗਿਆਨ ਹਾਸਿਲ ਕਰਨਾ ਅਤੇ ਵਰਤਾਉਣਾ ਮਨੁੱਖੀ ਟੀਚਾ ਹੈ।
(ਰਾਗ ਧਨਾਸਰੀ, ਗੁਰੂ ਨਾਨਕ)

ਜਨਮਸਾਖੀ ਲਫ਼ਜ਼ ਦੋ ਸ਼ਬਦਾਂ ਦਾ ਜਮ੍ਹਾਂਜੋੜ ਹੈ। ਜਨਮ ਦਾ ਮਤਲਬ ਜ਼ਿੰਦਗੀ, ਤੇ ਸਾਖੀ ਦਾ ਮਤਲਬ ਦਾਸਤਾਨ ਹੈ। ਗੁਰੂ ਨਾਨਕ ਦੇ ਜੀਵਨ ਸਫ਼ਰ ਨਾਲ ਜੁੜੀ ਤਫ਼ਸੀਲ ਨਿਹਚਾਵਾਨ ਜੀਆਂ ਦੀ ਮੂੰਹ-ਜ਼ਬਾਨੀ ਤੁਰੀ ਆਈ ਅਤੇ ਇੱਕ ਵੇਲੇ ਕਾਗ਼ਜ਼ ਉੱਤੇ ਦਰਜ ਹੋਣ ਲੱਗੀ। ਇਹ ਜਨਮਸਾਖੀ ਸਾਹਿਤ, ਗੁਰੂ ਨਾਨਕ ਦੇ ਫ਼ਲਸਫ਼ੇ ਨੂੰ ਸਾਂਭਣ ਅਤੇ ਵਰਤਾਉਣ ਦੇ ਇਰਾਦੇ ਨਾਲ ਕਲਮਬੰਦ ਕੀਤਾ ਗਿਆ।

ਗੁਰੂ ਨਾਨਕ ਦੇ ਜੋਤੀ-ਜੋਤ ਸਮਾ ਜਾਣ ਤੋਂ ਪੈਂਹਠ ਸਾਲ ਬਾਅਦ ਭਾਈ ਗੁਰਦਾਸ ਨੇ ਉਨ੍ਹਾਂ ਦੇ ਜੀਵਨ ਬਾਬਤ ਪਹਿਲੀ ਵਾਰ ਲਿਖਿਆ। ਇਸ ਤੋਂ ਬਾਅਦ ਜਨਮਸਾਖੀਆਂ ਆਈਆਂ, ਜਿਨ੍ਹਾਂ ਵਿੱਚ ਉਘੜਵੇਂ ਨਾਮ ਹਨ ਸੀਹਾਂ ਉਪਲ, ਹਾਫ਼ੀਜ਼ਾਬਾਦ, ਮਿਹਰਬਾਨ, ਭਾਈ ਮਨੀ ਸਿੰਘ, ਵਲਾਇਤ ਵਾਲੀ, ਕੋਲਬਰੂਕ ਵਾਲੀ ਅਤੇ ਬੀ੪੦।

ਇਨ੍ਹਾਂ ਲਿਖਤਾਂ ਵਿੱਚ ਕੁਝ ਸਮਾਨਤਾਂਵਾਂ ਅਤੇ ਵਖਰੇਵੇਂ ਵੀ ਹਨ, ਪਰ ਗੁਰੂ ਨਾਨਕ ਦੇ ਜੀਵਨ ਸਫ਼ਰ ਬਾਰੇ ਮੁੱਢਲੇ ਇਤਿਹਾਸਕ ਸਰੋਤ ਇਹੋ ਹਨ।

ਸਮੇਂ ਦੇ ਨਾਲ-ਨਾਲ ਗੁਰੂ ਨਾਨਕ ਦੀਆਂ ਉਦਾਸੀਆਂ ਬਾਬਤ ਨਵੀਆਂ ਥਾਂਵਾਂ ਦੇ ਕਿੱਸੇ ਸਾਹਮਣੇ ਆਉਂਦੇ ਗਏ ਜਿਨ੍ਹਾਂ ਦਾ ਹਵਾਲਾ ਪੁਰਾਣੀਆਂ ਲਿਖਤਾਂ ਵਿੱਚ ਨਹੀਂ ਮਿਲਦਾ। ਇਸ ਤੋਂ ਇਲਾਵਾ ਉਨ੍ਹਾਂ ਦੇ ਜੀਵਨ ਦੀ ਤਫ਼ਸੀਲ ਵਿੱਚ ਕੌਤਕਾਂ ਅਤੇ ਮਿੱਥਾਂ ਦੀ ਭਰਤੀ ਹੁੰਦੀ ਗਈ। ਨਵੀਂ ਭਰਤੀ ਉਨ੍ਹਾਂ ਦੇ ਬੁਨਿਆਦੀ ਫ਼ਲਸਫ਼ੇ ਉੱਤੇ ਭਾਰੂ ਹੋਣ ਲੱਗੀ।

ਹਾਲੀਆ ਦੌਰ ਵਿੱਚ ਡਾ. ਕਿਰਪਾਲ ਸਿੰਘ ਨੇ 'ਜਨਮ ਸਾਖੀ ਪਰੰਪਰਾ' ਦੇ ਸਿਰਲੇਖ ਹੇਠ ਪਹਿਲੀਆਂ ਜਨਮਸਾਖੀਆਂ ਦੀ ਪੜਚੋਲ ਕੀਤੀ ਹੈ ਅਤੇ ਗੁਰੂ ਨਾਨਕ ਦੀ ਜ਼ਿੰਦਗੀ ਨਾਲ ਜੁੜੀਆਂ ਘਟਨਾਵਾਂ ਦਾ ਨਕਸ਼ਾ ਤਿਆਰ ਕੀਤਾ ਹੈ।

ਉਨ੍ਹਾਂ ਦੀ ਪੜਚੋਲ ਮੁਤਾਬਕ ਗੁਰੂ ਨਾਨਕ ਦੀਆਂ ਉਦਾਸੀਆਂ ਦਾ ਘੇਰਾ ਨੌਂ ਇਲਾਕਿਆਂ ਵਿੱਚ ਫੈਲਿਆ ਹੋਇਆ ਹੈ—ਪਾਕਿਸਤਾਨ, ਇੰਡੀਆ, ਤਿੱਬਤ, ਬੰਗਲਾਦੇਸ਼, ਸ੍ਰੀ ਲੰਕਾ, ਸਾਉਦੀ ਅਰਬੀਆ, ਇਰਾਕ, ਇਰਾਨ ਅਤੇ ਅਫ਼ਗਾਨਿਸਤਾਨ।

ਅਸੀਂ ਇਸ ਸਮੁੱਚੀ ਸੈਨਤ ਦਾ ਭੇਦ ਸਮਝਣ ਲਈ ਇਨ੍ਹਾਂ ਇਲਾਕਿਆਂ ਦਾ ਸਫ਼ਰ ਕਰ ਰਹੇ ਹਾਂ।

ਗੁਰੂ ਨਾਨਕ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਮਕਸਦ ਦੀ ਥਾਹ ਪਾਉਣ ਦੇ ਇਰਾਦੇ ਨਾਲ ਅਸੀਂ ਪਾਕਿਸਤਾਨ ਵਿੱਚ ਉਨ੍ਹਾਂ ਦੇ ਜਨਮ ਅਸਥਾਨ ਤੋਂ ਆਪਣਾ ਸਫ਼ਰ ਸ਼ੁਰੂ ਕੀਤਾ।

ਲਾਹੌਰ ਤੋਂ ਪੱਛਮ ਵਾਲੇ ਪਾਸੇ ਤਕਰੀਬਨ ਅੱਸੀ ਕਿਲੋਮੀਟਰ ਦੂਰ 'ਰਾਏ ਭੋਏ ਦੀ ਤਲਵੰਡੀ' ਹੈ, ਜੋ ਹੁਣ ਨਨਕਾਣਾ ਸਾਹਿਬ ਸੱਦੀਂਦਾ ਹੈ।

ਅਮਰਦੀਪ ਸਿੰਘ: ਅਸੀਂ ਇਸ ਵੇਲੇ ਨਨਕਾਣਾ ਸਾਹਿਬ ਪਹੁੰਚ ਗਏ ਹਾਂ। ਨਨਕਾਣਾ ਦੋ ਲਫ਼ਜ਼ਾਂ ਦੇ ਜਮ੍ਹਾਂਜੋੜ ਨਾਲ ਬਣਿਆ ਹੈ—ਨਾਨਕ ਅਤੇ ਆਉਣ। ਮਤਲਬ, ਨਾਨਕ ਦੀ ਆਮਦ।

ਇਸ ਗਰਾਂ ਦਾ ਮੁੱਢ ਮੁਸਲਮਾਨ ਜਗੀਰਦਾਰ ਰਾਏ ਭੋਏ ਨੇ ਬੰਨ੍ਹਿਆ। ਹੁਣ ਇਹ ਖੇਤੀ ਵਾਲਾ ਖ਼ੁਸ਼ਹਾਲ ਇਲਾਕਾ ਹੈ ਪਰ ਪੰਦਰ੍ਹਵੀਂ ਸਦੀ ਵਿੱਚ ਇੱਥੇ ਘਣਾ ਜੰਗਲ ਸੀ, ਰਿਆਸਤ ਦੇ ਅਸਰ ਤੋਂ ਬਾਹਰ ਘੁੱਗ ਵਸਦਾ ਗਰਾਂ ਉਸ ਦੌਰ ਦੀ ਸਿਆਸੀ ਅਤੇ ਮਜ਼ਹਬੀ ਉਥਲ-ਪੁਥਲ ਤੋਂ ਕੋਰਾ ਸੀ।

ਗੁਰੂ ਨਾਨਕ ਦੇ ਵੇਲੇ ਰਾਏ ਬੁਲਾਰ ਇਸ ਇਲਾਕੇ ਦੇ ਮੁਹਤਬਰ ਸਨ। ਅਸੀਂ ਉਨ੍ਹਾਂ ਦੀ ਜੱਦ ਦੇ ਮੌਜੂਦਾ ਵਾਰਿਸਾਂ ਨੂੰ ਮਿਲਣ ਜਾ ਰਹੇ ਹਾਂ।

ਅਮਰਦੀਪ ਸਿੰਘ: ਸਲਾਮ ਭੱਟੀ ਸਾਹਿਬ।

ਸਲੀਮ ਭੱਟੀ: ਸਤਿ ਸ੍ਰੀ ਅਕਾਲ ਜੀ।

ਅਮਰਦੀਪ ਸਿੰਘ: ਰਾਏ ਸਲੀਮ ਭੱਟੀ ਸਾਹਿਬ, ਤੁਸੀਂ ਗੁਰੂ ਨਾਨਕ ਨਾਲ ਆਪਣੇ ਪੁਰਖਿਆਂ ਦੇ ਰਾਬਤੇ ਬਾਬਤ ਦੱਸੋ?

ਸਲੀਮ ਭੱਟੀ: ਮੈਂ ਰਾਏ ਬੁਲਾਰ ਦੀ ਕੁਲ ਵਿੱਚੋਂ ੧੯ਵੀਂ ਪੀੜ੍ਹੀ ਦਾ ਹਾਂ ਜਿਨ੍ਹਾਂ ਬਾਬਾ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਲਾਹੀ ਅੰਸ਼ ਪਛਾਣਿਆ। ਬਾਬਾ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਜਨਮ ਵੇਲੇ ਰਾਏ ਬੁਲਾਰ ਭੱਟੀ ਇਸ ਇਲਾਕੇ ਦੇ ਜਗੀਰਦਾਰ ਸਨ।

ਰਾਏ ਸਲੀਮ ਭੱਟੀ ਸਾਨੂੰ ਨਨਕਾਣੇ ਦੇ ਲਾਗੇ ਹੀ ਛੋਟੇ ਜਿਹੇ ਗਰਾਂ ਲੈ ਗਏ ਜਿੱਥੇ ਬੀਤੇ ਦੌਰ ਦੀਆਂ ਗਵਾਹੀਆਂ ਮਿਲਦੀਆਂ ਹਨ।

ਸਲੀਮ ਭੱਟੀ: ਨਨਕਾਣਾ ਸਾਹਿਬ ਦਾ ਪੁਰਾਣਾ ਨਾਂ ਰਾਏ ਭੋਇ ਦੀ ਤਲਵੰਡੀ ਹੈ। ਹੁਣ ਇਸ ਇਲਾਕੇ ਦੇ ਪਿੰਡਾਂ ਦੇ ਮੁਖ਼ਤਲਿਫ਼ ਨਾਮ ਹਨ। ਅਸੀਂ ਜਿੱਥੇ ਖਲੋਤੇ ਹੋਏ ਹਾਂ, ਇਸ ਦਾ ਨਾਂ ਹੁਣ ਵੀ ਤਲਵੰਡੀ ਹੈ।

ਅਮਰਦੀਪ ਸਿੰਘ: ਇਹ ਛੋਟੀ ਜਿਹੀ ਥਾਂ ਦਾ ਨਾਮ ਹੁਣ ਵੀ ਤਲਵੰਡੀ ਹੈ?

ਸਲੀਮ ਭੱਟੀ: ਅਸੀਂ ਆਪਣੇ ਬਚਪਨ ਵਿੱਚ ਜਦੋਂ ਇੱਥੇ ਖੇਡਣ ਆਉਂਦੇ ਸਾਂ, ਇੱਥੇ ਟਿੱਬੇ ਹੁੰਦੇ ਸਨ। ਹੁਣ ਇੱਥੇ ਆਬਾਦੀ ਜ਼ਿਆਦਾ ਹੈ। ਇੱਥੇ ਜਦੋਂ ਬਾਰਿਸ਼ ਹੁੰਦੀ ਸੀ ਤਾਂ ਪੁਰਾਣੇ ਜ਼ਮਾਨੇ ਦੇ ਸਿੱਕੇ ਨਿਕਲਦੇ ਸਨ।

ਤਲਵੰਡੀ ਵਿੱਚ ਪੰਦਰ੍ਹਾਂ ਅਪਰੈਲ ਚੌਦਾਂ ਸੌ ਉੱਨਤਰ ਨੂੰ ਗੁਰੂ ਨਾਨਕ ਦਾ ਜਨਮ ਮਾਤਾ ਤ੍ਰਿਪਤਾ ਦੀ ਕੁੱਖੋਂ ਮਹਿਤਾ ਕਾਲੂ ਦੇ ਘਰ ਹੋਇਆ ਜਿਨ੍ਹਾਂ ਦਾ ਅਸਲ ਨਾਮ ਕਲਿਆਣ ਦਾਸ ਬੇਦੀ ਸੀ। ਪਿਤਾ ਜੀ ਮਾਲ ਮਹਿਕਮੇ ਵਿੱਚ ਮੁਲਾਜ਼ਮ ਸਨ।

ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ॥
ਹਿੰਦ ਕੋ ਇਕ ਮਰਦੇ-ਕਾਮਿਲ ਨੇ ਜਗਾਇਆ ਖ਼ਾਬ ਸੇ॥
(ਅਲਾਮਾ ਇਕਬਾਲ)

ਫਿਰ ਉਠੀ ਆਖ਼ਿਰ ਸਦਾ ਤੌਹੀਦ ਦੀ ਪੰਜਾਬ ਤੋਂ
ਹਿੰਦ ਨੂੰ ਇਕ ਮਰਦ-ਏ-ਕਾਮਿਲ (ਗੁਰੂ ਨਾਨਕ) ਨੇ ਜਗਾਇਆ ਖ਼ਵਾਬ ਤੋਂ।
(ਅਲਾਮਾ ਇਕਬਾਲ)

ਨਨਕਾਣਾ ਸਾਹਿਬ ਵਿੱਚ ਕਈ ਗੁਰਦਵਾਰੇ ਹਨ ਪਰ ਸਭ ਤੋਂ ਅਹਿਮ ਗੁਰਦਵਾਰਾ ਜਨਮ ਅਸਥਾਨ ਹੈ ਜੋ ਪਹਿਲਾਂ ਕਾਲੂ ਦਾ ਕੋਠਾ ਸੱਦੀਂਦਾ ਸੀ।

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
(ਭਾਈ ਗੁਰਦਾਸ)

ਅਮਰਦੀਪ ਸਿੰਘ: ਇਹ ਗੁਰਦਵਾਰਾ ਗੁਰੂ ਨਾਨਕ ਦਾ ਜਨਮ ਅਸਥਾਨ ਹੈ।

ਉੱਨੀ ਸੌ ਸੰਤਾਲੀ ਦੀ ਵੰਡ ਰਾਹੀਂ ਇਸ ਖਿੱਤੇ ਨੂੰ ਦੋ ਮੁਲਕਾਂ, ਇੰਡੀਆ ਅਤੇ ਪਾਕਿਸਤਾਨ, ਵਿੱਚ ਵੰਡ ਦਿੱਤਾ ਗਿਆ। ਮਜ਼ਹਬ ਦੀ ਬੁਨਿਆਦ ਉੱਤੇ ਹੋਈ ਹਿਜਰਤ ਕਾਰਨ ਨਨਕਾਣਾ ਵਿਖੇ ਗੁਰੂ ਨਾਨਕ ਦੀ ਨਾਮਲੇਵਾ ਸੰਗਤ ਦੀ ਤੋਟ ਪੈ ਗਈ।

ਉੱਨੀ ਸੌ ਸੱਤਰ ਦੇ ਦਹਾਕੇ ਵਿੱਚ ਪਾਕਿਸਤਾਨ ਦੇ ਉੱਤਰੀ-ਪੱਛਮ ਇਲਾਕੇ ਦੀ ਸਿੱਖ ਸੰਗਤ ਨੇ ਨਨਕਾਣਾ ਵਿੱਚ ਕਿਆਮ ਕਰਨਾ ਸ਼ੁਰੂ ਕੀਤਾ। ਹੁਣ ਇਸ ਸ਼ਹਿਰ ਵਿੱਚ ਪਸ਼ਤੂਨ ਪਿਛੋਕੜ ਵਾਲੇ ਕਾਫ਼ੀ ਸਿੱਖ ਆਬਾਦ ਹਨ।

ਅਮਰਦੀਪ ਸਿੰਘ: ਜਨਮਸਾਖੀਆਂ ਵਿੱਚ ਦਰਜ ਹੈ ਕਿ ਪੰਡਿਤ ਹਰਦਿਆਲ ਨੇ ਭਵਿੱਖਬਾਣੀ ਕੀਤੀ ਸੀ ਕਿ ਗੁਰੂ ਨਾਨਕ, ਹਿੰਦੂਆਂ ਅਤੇ ਮੁਸਲਮਾਨਾਂ ਦਾ ਰਹਿਬਰ ਹੋਵੇਗਾ। ਸਮੇਂ ਦੇ ਨਾਲ ਉਹ ਤਾਂ ਸਮੁੱਚੀ ਮਨੁੱਖਤਾ ਦੇ ਰਹਿਬਰ ਹੋ ਨਿਬੜੇ। ਇਸੇ ਲਈ ਤਾਂ ਕਿਹਾ ਗਿਆ ਹੈ,

ਨਾਨਕ ਸ਼ਾਹ ਫਕੀਰ, ਹਿੰਦੂਆਂ ਦਾ ਗੁਰੂ, ਮੁਸਲਮਾਨਾਂ ਦਾ ਪੀਰ।

ਗੁਰੂ ਨਾਨਕ ਦੋ ਭੈਣ-ਭਰਾਵਾਂ ਵਿੱਚੋਂ ਛੋਟੇ ਸਨ। ਉਨ੍ਹਾਂ ਦੀ ਵੱਡੀ ਭੈਣ ਬੇਬੇ ਨਾਨਕੀ ਸੀ।

ਪੰਦਰ੍ਹਵੀਂ ਸਦੀ ਬੇਅਮਨੀ ਦਾ ਦੌਰ ਸੀ, ਸਮਾਜ ਵਿੱਚ ਜਾਤਾਂ ਦੀ ਵੰਡ ਸੀ, ਕਰਮ-ਕਾਂਡ ਸਨ, ਤਸ਼ੱਦਦ ਸੀ ਅਤੇ ਰੁਤਬਿਆਂ ਦਾ ਗ਼ਲਬਾ ਸੀ। ਮਜ਼ਹਬ ਦੇ ਅਲੰਬਰਦਾਰ ਕਰਮ-ਕਾਂਡ ਅਤੇ ਕੱਟੜਤਾ ਦੇ ਨਾਮ ਹੇਠ ਨਿਮਾਣਿਆਂ ਉੱਤੇ ਜਬਰ ਢਾਹ ਰਹੇ ਸਨ। ਗੁਰੂ ਨਾਨਕ ਦੇ ਜਨਮ ਤੋਂ ਪਹਿਲਾਂ ਲੰਮੇ ਸਮੇਂ ਤੋਂ ਸਿੰਧੂ ਦਰਿਆ ਦੇ ਇਲਾਕੇ ਵਿੱਚ ਸਿਆਸੀ ਬਦਅਮਨੀ ਫੈਲੀ ਹੋਈ ਸੀ, ਮੱਧ ਏਸ਼ੀਆ ਦੇ ਹਮਲਾਵਰ ਲਗਾਤਾਰ ਹਮਲੇ ਕਰ ਰਹੇ ਸਨ। ਉਨ੍ਹਾਂ ਹਾਲਾਤਾ ਵਿੱਚ ਸਿੰਧੂ ਦਰਿਆ ਦੇ ਇਲਾਕੇ ਦੇ ਬਾਸ਼ਿੰਦੇ ਬੇਅਖ਼ਤਿਆਰ ਸਨ, ਨਾ ਖ਼ਿਆਲਾਂ ਦੀ ਆਜ਼ਾਦੀ ਸੀ ਅਤੇ ਨਾ ਹੀ ਅਕੀਦਿਆਂ ਦੀ।

ਅਜਿਹੇ ਹਾਲਾਤ ਵਿੱਚ ਗੁਰੂ ਨਾਨਕ ਨੇ ਇਨਕਲਾਬੀ ਲੋਅ ਨਾਲ ਆਵਾਮ ਨੂੰ ਰੌਸ਼ਨ ਕੀਤਾ ਅਤੇ ਸਮਾਜ ਦੇ ਪੈਰੀਂ ਪਈਆਂ ਬੇੜੀਆਂ ਤੋੜੀਆਂ।

ਗੁਰਦਵਾਰਾ ਜਨਮ ਅਸਥਾਨ ਦੇ ਲਾਗੇ ਹੋਰ ਵੀ ਗੁਰਦਵਾਰੇ ਹਨ ਜਿਨ੍ਹਾਂ ਦਾ ਪਿਛੋਕੜ ਗੁਰੂ ਨਾਨਕ ਦੇ ਬਚਪਨ ਨਾਲ ਜੁੜਦਾ ਹੈ।

ਅਸੀਂ ਗੁਰਦਵਾਰਾ ਬਾਲ ਲੀਲ੍ਹਾ ਜਾ ਰਹੇ ਹਾਂ ਜਿੱਥੇ ਗੁਰੂ ਨਾਨਕ ਆਪਣੇ ਸਾਥੀਆਂ ਨਾਲ ਖੇਡਿਆ ਕਰਦੇ ਸਨ।

ਅਮਰਦੀਪ ਸਿੰਘ: ਜਨਮਸਾਖੀਆਂ ਵਿੱਚ ਲਿਖਿਆ ਹੈ ਕਿ ਗੁਰੂ ਨਾਨਕ ਬਚਪਨ ਵਿੱਚ ਸ਼ਾਂਤ-ਚਿੱਤ ਅਤੇ ਰੂਹਾਨੀ ਸੁਭਾਅ ਦੇ ਮਾਲਕ ਸਨ। ਜਿਸ ਉਮਰ ਵਿੱਚ ਬੱਚੇ ਦੁਨੀਆਵੀ ਖੇਡਾਂ ਖੇਡਦੇ ਹਨ, ਗੁਰੂ ਨਾਨਕ ਉਸ ਉਮਰ ਵਿੱਚ ਰੂਹਾਨੀ ਸੰਵਾਦ ਵਿੱਚ ਰੁਝੇ ਹੋਏ ਸਨ। ਮਿਸਾਲ ਵਜੋਂ ਉਨ੍ਹਾਂ ਨੇ ਰਾਗ ਸੂਹੀ ਵਿੱਚ ਫ਼ਰਮਾਇਆ ਹੈ,

ਆਤਮ ਰਾਮੁ ਸੰਸਾਰਾ॥
ਸਾਚਾ ਖੇਲੁ ਤੁਮਾਰਾ॥
(ਗੁਰੂ ਨਾਨਕ)

ਸਿਰਜਣਹਾਰ ਦਾ ਵਾਸਾ ਸੰਸਾਰ ਵਿੱਚ ਹੈ।
ਇਸੇ ਦੀ ਖੇਡ ਸੱਚ ਵਜੋਂ ਜ਼ਾਹਿਰ ਹੁੰਦੀ ਹੈ।
(ਗੁਰੂ ਨਾਨਕ)

ਇਸ ਰਮਜ਼ ਵਾਲੇ ਸ਼ਬਦ ਵਿੱਚ ਉਨ੍ਹਾਂ ਦੁਨੀਆਵੀ ਖੇਡ ਦਾ ਭੇਦ ਖੋਲ੍ਹਿਆ ਹੈ। ਸੱਚ ਅਤੇ ਸਿਰਜਣਹਾਰੇ ਦੀ ਕਿਰਤ। ਦੁਨੀਆਵੀ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਮਨੁੱਖ ਨੂੰ ਨਫ਼ਸ ਅਤੇ ਪਦਾਰਥ ਦੀ ਦੌੜ ਵਿੱਚ ਗੁਆਚ ਨਹੀਂ ਜਾਣਾ ਚਾਹੀਦਾ। ਗੁਰੂ ਨਾਨਕ ਆਖਦੇ ਹਨ ਕਿ ਜੀਵਨ ਦਾ ਟੀਚਾ ਅਜਿਹੇ ਗਿਆਨ ਦੀ ਪ੍ਰਾਪਤੀ ਹੈ ਜੋ ਮਨੁੱਖ ਨੂੰ ਨੇਕੀ ਦੇ ਰਾਹ ਪਾਵੇ।

ਜਦੋਂ ਗੁਰੂ ਨਾਨਕ ਸੱਤ ਸਾਲਾਂ ਦੇ ਸਨ ਤਾਂ ਮਹਿਤਾ ਕਾਲੂ ਨੇ ਫ਼ੈਸਲਾ ਕੀਤਾ ਕਿ ਉਹ ਰਸਮੀ ਇਲਮ ਹਾਸਿਲ ਕਰਨ। ਅਸੀਂ ਹੁਣ ਗੁਰਦਵਾਰਾ ਪੱਟੀ ਸਾਹਿਬ ਪਹੁੰਚੇ ਹਾਂ।

ਅਮਰਦੀਪ ਸਿੰਘ: ਇਹ ਗੁਰਦਵਾਰਾ ਉਸ ਅਸਥਾਨ ਉੱਤੇ ਬਣਿਆ ਹੈ ਜਿੱਥੇ ਗੁਰੂ ਨਾਨਕ ਨੇ ਮੁੱਢਲੀ ਸਿੱਖਿਆ ਹਾਸਿਲ ਕੀਤੀ।

ਗੁਰੂ ਨਾਨਕ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਪੜ੍ਹਨ ਲਈ ਪੰਡਿਤ ਬ੍ਰਿਜ ਨਾਥ ਕੋਲ ਭੇਜਿਆ। ਉਨ੍ਹਾਂ ਦੀ ਰਹਿਨੁਮਾਈ ਵਿੱਚ ਬਾਲ ਨਾਨਕ ਨੇ ਹਿੰਦ ਇਲਾਕੇ ਦੇ ਫ਼ਲਸਫ਼ਿਆਂ, ਸੰਸਕ੍ਰਿਤ ਅਤੇ ਲੰਡੇ ਦੀ ਸਿੱਖਿਆ ਹਾਸਿਲ ਕੀਤੀ।

ਬਾਅਦ ਵਿੱਚ ਮਹਿਤਾ ਕਾਲੂ ਨੇ ਮੌਲਵੀ ਕੁਤਬੁਦੀਨ ਨੂੰ ਗੁਰੂ ਨਾਨਕ ਨੂੰ ਫ਼ਾਰਸੀ ਸਿਖਾਉਣ ਦੀ ਬੇਨਤੀ ਕੀਤੀ ਜੋ ਹੁਕਮਰਾਨਾ ਦੀ ਬੋਲੀ ਸੀ।ਮੌਲਵੀ ਸਾਹਿਬ ਨੇ ਉਨ੍ਹਾਂ ਨੂੰ ਹਿਜਾਜ਼ੀ ਵੀ ਸਿਖਾਈ ਜਿਸ ਨੂੰ ਅਰਬੀ ਕਹਿੰਦੇ ਹਨ ਅਤੇ ਇਸੇ ਵਿੱਚ ਕੁਰਾਨ ਸਮੇਤ ਇਸਲਾਮੀ ਸਾਹਿਤ ਦੀ ਸਿਰਜਣਾ ਹੋਈ ਹੈ। ਬਚਪਨ ਵਿੱਚ ਹੀ ਗੁਰੂ ਨਾਨਕ ਆਪਣੇ ਖਿੱਤੇ ਦੇ ਦੋਵੇਂ ਧਰਮਾਂ, ਹਿੰਦੂ ਅਤੇ ਇਸਲਾਮ, ਦੀਆਂ ਬੁਨਿਆਦੀ ਧਾਰਨਾਵਾਂ ਤੋਂ ਜਾਣੂ ਹੋ ਗਏ।

ਅਮਰਦੀਪ ਸਿੰਘ: ਇਸ ਅਸਥਾਨ ਉੱਤੇ ਖੜ੍ਹੇ ਹੋ ਕੇ ਮੈਨੂੰ ਗੁਰੂ ਨਾਨਕ ਦੇ ਰਾਗ ਆਸਾ ਵਿੱਚ ਦਰਜ 'ਪੱਟੀ ਲਿਖੀ' ਸ਼ਬਦ ਦਾ ਅਹਿਸਾਸ ਹੋ ਰਿਹਾ ਹੈ ਜਿਸ ਵਿੱਚ ਉਨ੍ਹਾਂ ਨੇ ਹਰ ਹਰਫ਼ ਨੂੰ ਰੂਹਾਨੀਅਤ ਨਾਲ ਜੋੜਿਆ ਹੈ। ਉਨ੍ਹਾਂ ਨੇ ਲੰਡਾ ਦੇ 'ਸੱਸੇ' ਬਾਰੇ ਲਿਖਿਆ ਹੈ:

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ ਕਾ ਸਫਲੁ ਭਇਆ॥

ਮਨ ਕਾਹੇ ਭੂਲੇ ਮੂੜ ਮਨਾ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥
(ਰਾਗ ਆਸਾ, ਗੁਰੂ ਨਾਨਕ)

ਸੱਸੇ ਅੱਖਰ ਦੇ ਹਵਾਲੇ ਕਰਤਾ ਨੇ ਸ੍ਰਿਸਟੀ ਦੀ ਸਾਜਨਾ ਕੀਤੀ ਜੋ ਸਭਨਾਂ ਜੀਆਂ ਦਾ ਸਿਰਜਣਹਾਰ ਹੈ।
ਇਸ ਚੇਤਨਾ ਨਾਲ ਇੱਕ ਸੁਰ ਮਨੁੱਖ ਦੀ ਹੋਂਦ ਸਫ਼ਲ ਹੈ।
ਓ ਬੇਸਮਝ ਮਨਾ! ਤੂੰ ਕਿੱਥੇ ਗੁਆਚਿਆ ਹੈਂ?
ਭਾਈ! ਜਦੋਂ ਤੇਰੇ ਅਮਲਾਂ ਦਾ ਹਿਸਾਬ ਹੋਵੇਗਾ ਤਾਂ ਤੇਰੇ ਵਿਵੇਕ ਦਾ ਇਮਤਿਹਾਨ ਹੋਵੇਗਾ।
(ਰਾਗ ਆਸਾ, ਗੁਰੂ ਨਾਨਕ)

ਉਸਤਾਦ ਲਈ 'ਸੱਸਾ' ਮਹਿਜ਼ ਇੱਕ ਧੁਨ ਸੀ ਪਰ ਗੁਰੂ ਨਾਨਕ ਨੇ ਇਸ ਹਵਾਲੇ ਨਾਲ ਉਸ ਨੂੰ ਵਰੋਸਾਇਆ ਅਤੇ ਦੱਸਿਆ ਕਿ ਸਮੁੱਚੀ ਕਾਇਨਾਤ ਦਾ ਸਿਰਜਣਹਾਰਾ ਇੱਕ ਹੈ। ਉਨ੍ਹਾਂ ਨੇ ਹਰਫ਼ਾਂ ਦੀ ਸਾਦਗੀ ਨਾਲ ਵਹਿਦਤ ਦੀ ਵਿਆਖਿਆ ਕੀਤੀ। ਉਸ ਸਰਬ-ਸ਼ਕਤੀਮਾਨ ਦੇ ਅੰਸ਼ ਵਜੋਂ ਅਸੀਂ ਸਭ ਬਰਾਬਰ ਹਾਂ। ਵਿਤਕਰਾ ਹਉਮੈਂ ਵਿੱਚੋਂ ਜਨਮ ਲੈਂਦਾ ਹੈ। ਇਸ ਸੱਚ ਦੀ ਥਾਹ ਪਾਉਣ ਵਾਲਾ ਹੀ ਸੱਚਾ ਗਿਆਨੀ ਹੈ।

ਗੁਰੂ ਨਾਨਕ ਨੇ ਕਰਮ-ਕਾਂਡ ਨਾਲ ਜੁੜੇ ਅਮਲਾਂ ਨੂੰ ਸੁਆਲਾਂ ਦੇ ਘੇਰੇ ਵਿੱਚ ਲਿਆਂਦਾ। ਉਨ੍ਹਾਂ ਨੇ ਬਚਪਨ ਤੋਂ ਹੀ ਬੁਨਿਆਦੀ ਮਨੁੱਖੀ ਗੁਣਾਂ ਦੇ ਨਿਘਾਰ ਦਾ ਕਾਰਨ ਬਣਨ ਵਾਲੀਆਂ ਸਮਾਜਿਕ ਅਤੇ ਮਜ਼ਹਬੀ ਰਵਾਇਤਾਂ ਨੂੰ ਸੁਆਲ ਕੀਤੇ।

ਜਦੋਂ ਉਮਰ ਹੋਈ ਤਾਂ ਗੁਰੂ ਨਾਨਕ ਦੇ ਮਾਪਿਆਂ ਨੇ ਯੋਗਨਾਪਵਿੱਤ ਦਾ ਫ਼ੈਸਲਾ ਕੀਤਾ। ਇਸ ਮਜ਼ਹਬੀ ਦਸਤੂਰ ਤਹਿਤ ਉੱਚੀ ਜਾਤ ਦੇ ਮੁੰਡਿਆਂ ਨੂੰ ਜਨੇਊ ਧਾਰਨ ਕਰਵਾਇਆ ਜਾਂਦਾ ਸੀ।

ਅਮਰਦੀਪ ਸਿੰਘ: ਗੁਰੂ ਨਾਨਕ ਬਹੁਤ ਜਗਿਆਸੂ ਬਾਲ ਸਨ। ਉਨ੍ਹਾਂ ਆਪਣੀ ਭੈਣ ਬੇਬੇ ਨਾਨਕੀ ਨੂੰ ਪੁੱਛਿਆ ਕਿ ਉਨ੍ਹਾਂ ਜਨੇਊ ਪਾਇਆ ਹੈ ਜਾਂ ਨਹੀਂ? ਜੁਆਬ ਮਿਲਿਆ ਕਿ ਜਨੇਊ ਉੱਚੀਆਂ ਜਾਤਾਂ ਦੇ ਮਰਦ ਹੀ ਪਹਿਨਦੇ ਹਨ। ਹੈਰਾਨ-ਪਰੇਸ਼ਾਨ ਹੋਏ ਗੁਰੂ ਨਾਨਕ ਨੇ ਜਾ ਕੇ ਪੰਡਿਤ ਨੂੰ ਸੁਆਲ ਕੀਤਾ ਕਿ ਜਨੇਊ ਦਾ ਮਕਸਦ ਕੀ ਹੈ? ਤਸੱਲੀਬਖ਼ਸ਼ ਜੁਆਬ ਨਹੀਂ ਮਿਲਿਆ ਤਾਂ ਗੁਰੂ ਨਾਨਕ ਨੇ ਆਪ ਵਿਚਾਰ ਕੀਤਾ। ਸਮਾਜ ਵਿੱਚ ਜਾਤ ਅਤੇ ਲਿੰਗ ਦੇ ਆਧਾਰ ਉੱਤੇ ਹੁੰਦਾ ਵਿਤਕਰਾ ਬੇਪਰਦ ਹੋਇਆ ਤਾਂ ਉਨ੍ਹਾਂ ਨੇ ਇਸ ਸ਼ਬਦ ਦਾ ਉਚਾਰਨ ਕੀਤਾ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥
(ਰਾਗ ਆਸਾ, ਗੁਰੂ ਨਾਨਕ)

ਦਇਆ ਦੀ ਕਪਾਹ, ਸਬਰ ਦੇ ਧਾਗੇ, ਇੰਦ੍ਰੀਆ ਉਤੇ ਕਾਬੂ ਦੀ ਗੰਢ ਅਤੇ ਸੱਚ ਦਾ ਵਟਾ ਦੇਓ।
ਜੇ ਆਪ ਜੀ ਕੋਲ ਅਜਿਹਾ ਪਵਿੱਤਰ ਸੂਤ ਹੈ, ਓ ਪੰਡਿਤ! ਤਾਂ ਮੈਨੂੰ ਜਨੇਊ ਪਹਿਨਾ ਦਿਓ।
ਇਹੋ ਜਿਹਾ ਧਾਗਾ ਜੋ ਨਾ ਟੁੱਟ ਨਾ ਮੈਲਾ ਹੋਵੇ, ਨਾ ਅੱਗ ਵਿੱਚ ਸੜੇ ਅਤੇ ਨਾ ਹੀ ਗੁਆਚੇ।
ਨਾਨਕ ਨੇ ਫ਼ਰਮਾਇਆ ਕਿ ਉਹ ਜੀਅ ਧੰਨ ਹੈ, ਜਿਸ ਦੇ ਗਲ਼ ਵਿੱਚ ਅਜਿਹਾ ਧਾਗਾ ਹੈ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਨੇ ਪਾਂਡੇ ਕੋਲ ਅਜਿਹੇ ਜਨੇਊ ਦੀ ਮੰਗ ਕੀਤੀ ਜੋ ਸਦਾ ਪਵਿੱਤਰ ਰਹੇ, ਕਪਾਹ ਦੀ ਥਾਂ ਦਇਆ ਦਾ ਬਣਿਆ ਹੋਵੇ, ਬੁਣਤੀ ਸਬਰ ਦੇ ਧਾਗੇ ਵਿੱਚ ਹੋਵੇ, ਇੰਦ੍ਰੀਆ ਉਤੇ ਕਾਬੂ ਦੀ ਗੰਢ ਅਤੇ ਸੱਚ ਦਾ ਵੱਟ ਚੜ੍ਹਿਆ ਹੋਵੇ। ਉਨ੍ਹਾਂ ਨੇ ਦਿਖਾਵੇ ਦੀ ਥਾਂ ਮਨੁੱਖੀ ਗੁਣਾਂ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ।

ਤਗੁ ਨ ਇੰਦ੍ਰੀ ਤਗੁ ਨ ਨਾਰੀ॥
ਭਲਕੇ ਥੁਕ ਪਵੈ ਨਿਤ ਦਾੜੀ॥
ਤਗੁ ਨ ਪੈਰੀ ਤਗੁ ਨ ਹਥੀ॥
ਤਗੁ ਨ ਜਿਹਵਾ ਤਗੁ ਨ ਅਖੀ॥
(ਰਾਗ ਆਸਾ, ਗੁਰੂ ਨਾਨਕ)

ਨਫ਼ਸ ਨੂੰ ਬੰਨ੍ਹ ਮਾਰਨ ਵਾਲਾ ਧਾਗਾ ਨਹੀਂ ਹੈ। ਔਰਤਾਂ ਲਈ ਧਾਗਾ ਨਹੀਂ ਹੈ।
ਮਾੜੇ ਕਰਮਾਂ ਦਾ ਅਹਿਸਾਸ ਹੋਣ ਨਾਲ ਪਛਤਾਵਾ ਹੁੰਦਾ ਹੈ।
ਕੋਈ ਧਾਗਾ ਪੈਰਾਂ ਨੂੰ ਡੱਕ ਨਹੀਂ ਸਕਦਾ। ਕੋਈ ਧਾਗਾ ਹੱਥਾਂ ਦੀ ਹਰਕਤ ਰੋਕ ਨਹੀਂ ਸਕਦਾ।
ਕੋਈ ਧਾਗਾ ਜ਼ਬਾਨ ਨਹੀਂ ਫੜ ਸਕਦਾ। ਕੋਈ ਧਾਗਾ ਅੱਖਾਂ ਦਾ ਕਰਮ ਨਹੀਂ ਖੋਹ ਸਕਦਾ।
(ਰਾਗ ਆਸਾ, ਗੁਰੂ ਨਾਨਕ)

ਕੋਈ ਧਾਗਾ ਮਨੁੱਖੀ ਨਫ਼ਸ ਅਤੇ ਹਵਸ ਨੂੰ ਬੰਨ੍ਹ ਨਹੀਂ ਮਾਰ ਸਕਦਾ। ਉਨ੍ਹਾਂ ਨੇ ਪੁਰਜ਼ੋਰ ਸੁਆਲ ਕੀਤਾ ਕਿ ਸਿਰਫ਼ ਮਜ਼ਹਬੀ ਚੋਗੇ ਪਾ ਕੇ ਕੋਈ ਮਹਾਤਮਾ ਕਿਵੇਂ ਬਣ ਸਕਦਾ ਹੈ। ਉਨ੍ਹਾਂ ਨੇ ਅਮਲਾਂ, ਗੁਣਾਂ ਅਤੇ ਕਾਬਲੀਅਤ ਨੂੰ ਨਜ਼ਰ-ਅੰਦਾਜ਼ ਕਰ ਕੇ ਜਨਮ ਅਤੇ ਲਿੰਗ ਦੀ ਬੁਨਿਆਦ ਉੱਤੇ ਬਣੇ ਸਮਾਜਿਕ ਅਤੇ ਮਜ਼ਹਬੀ ਦਸਤੂਰ ਦੀ ਮੁਖ਼ਾਲਫ਼ਤ ਕੀਤੀ ਕਿਉਂਕਿ ਇਹ ਦਸਤੂਰ ਮਨੁੱਖ ਦੇ ਆਪਣੇ ਹੀ ਸੰਗੀਆਂ ਦੇ ਮਾਣ-ਸਨਮਾਨ ਦਾ ਘਾਣ ਕਰਦੇ ਸਨ।

ਗੁਰੂ ਨਾਨਕ ਬਚਪਨ ਤੋਂ ਹੀ ਦੁਨੀਆਵੀ ਸਰਗਰਮੀ ਦੀ ਥਾਂ ਰੂਹਾਨੀ ਜੀਆਂ ਦੀ ਸੰਗਤ ਪਸੰਦ ਕਰਦੇ ਸਨ। ਦੁਨੀਆਵੀ ਕੰਮਾਂ ਨਾਲ ਬੇਲਾਗਤਾ ਕਾਰਨ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਮੱਝਾਂ ਚਰਾਉਣ ਦੀ ਜ਼ਿੰਮੇਵਾਰੀ ਦਿੱਤੀ। ਇਹ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਗਿਆ।

ਰਾਏ ਸਲੀਮ ਭੱਟੀ ਨੇ ਸਾਨੂੰ ਆਪਣੇ ਪੁਰਖੇ ਰਾਏ ਬੁਲਾਰ ਭੱਟੀ ਦੇ ਖੇਤਾਂ ਵਾਲੀਆਂ ਥਾਂਵਾਂ ਦਿਖਾਈਆਂ। ਸੀਨਾ-ਬ-ਸੀਨਾ ਤੁਰੀ ਆਉਂਦੀ ਰੀਤ ਦੱਸਦੀ ਹੈ ਕਿ ਗੁਰੂ ਨਾਨਕ ਇਸੇ ਇਲਾਕੇ ਵਿੱਚ ਮੱਝੀਆਂ ਚਰਾਉਂਦੇ ਸਨ।

ਸਲੀਮ ਭੱਟੀ: ਇਹ ਥਾਂ ਕਿਆਰਾ ਸਾਹਿਬ ਹੈ। ਇੱਥੇ ਬਾਬਾ ਗੁਰੂ ਨਾਨਕ ਦੇਵ ਜੀ ਮਹਾਰਾਜ ਮੱਝਾਂ ਚਰਾਉਂਦੇ ਸਨ।

ਇੱਕ ਦਿਨ ਗੁਰੂ ਨਾਨਕ ਆਪਣੀ ਸੋਚ ਵਿੱਚ ਲੀਨ ਸਨ ਤਾਂ ਉਨ੍ਹਾਂ ਦੇ ਪਸ਼ੂ ਫ਼ਸਲਾਂ ਵਿੱਚ ਵੜ ਗਏ। ਗੁਰੂ ਨਾਨਕ ਦੇ ਪਸ਼ੂਆਂ ਨੂੰ ਦੇਖ ਕੇ ਕਿਸਾਨ ਨੇ ਅੰਦਾਜ਼ਾ ਲਗਾਇਆ ਕਿ ਖੇਤ ਵਿੱਚ ਉਜਾੜਾ ਹੋਵੇਗਾ। ਗੁੱਸੇ ਵਿੱਚ ਆਏ ਕਿਸਾਨ ਨੇ ਨੌਜਵਾਨ ਨਾਨਕ ਦੀ ਲਾਪਰਵਾਹੀ ਬਾਰੇ ਸ਼ਿਕਾਇਤ ਕੀਤੀ। ਜਦੋਂ ਮੁਲਾਜ਼ਮਾਂ ਨੇ ਪੜਤਾਲ ਕੀਤੀ ਤਾਂ ਫ਼ਸਲਾਂ ਦਾ ਕੋਈ ਖ਼ਰਾਬਾ ਨਹੀਂ ਹੋਇਆ ਸੀ। ਜਜ਼ਬਾਤ ਬੰਦੇ ਦੇ ਕੰਮ ਉੱਤੇ ਭਾਰੂ ਪੈਂਦੇ ਹਨ। ਗੁੱਸੇ ਅਤੇ ਲਾਲਚ ਵਿੱਚ ਭਰੇ ਕਿਸਾਨ ਨੇ ਮਨਘੜ੍ਹਤ ਇਲਜ਼ਾਮ ਲਗਾ ਦਿੱਤੇ। ਕਿਸਾਨ ਦੀ ਦੋਚਿੱਤੀ ਅਤੇ ਪਛਤਾਵੇ ਨੂੰ ਗੁਰੂ ਨਾਨਕ ਨੇ ਹਮਦਰਦੀ ਨਾਲ ਹੁੰਗਾਰਾ ਦਿੱਤਾ ਅਤੇ ਉਸ ਨੂੰ ਨੇਕ ਜ਼ਿੰਦਗੀ ਜਿਊਂਣ ਦੀ ਬਾਮੁਹਾਵਰਾ ਮਿਸਾਲ ਦਿੱਤੀ।

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥
ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ॥
ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ॥
(ਰਾਗ ਸਾਰੰਗ, ਗੁਰੂ ਨਾਨਕ)

ਜੋ ਇਲਾਹੀ ਨਾਮ ਹੇਠ ਸੌਦਾਗਰੀ ਕਰਦੇ ਹਨ ਉਹ ਅਭਾਗੇ ਹਨ।
ਜਿਨ੍ਹਾਂ ਦੀਆਂ ਫ਼ਸਲਾਂ ਉਜੜ ਗਈਆਂ, ਉਨ੍ਹਾਂ ਨੇ ਕੀ ਵੱਢਣਾ ਹੈ?
ਸੱਚ ਅਤੇ ਨਿਮਰਤਾ ਤੋਂ ਵਿਹੂਣਾ ਜੀਅ ਸਤਿਕਾਰ ਦਾ ਪਾਤਰ ਨਹੀਂ ਹੋ ਸਕਦਾ।
ਕਲੇਸ਼ ਨਾਲ ਜੁੜਿਆ ਗਿਆਨ ਸਿਆਣਪ ਨਹੀਂ ਹੁੰਦਾ। ਅਜਿਹਾ ਗਿਆਨ ਕਲੇਸ਼ ਵਿੱਚ ਅਜਾਈ ਜਾਂਦਾ ਹੈ।
(ਰਾਗ ਸਾਰੰਗ, ਗੁਰੂ ਨਾਨਕ)

ਜਿਵੇਂ ਉਜੜੀਆਂ ਫ਼ਸਲਾਂ ਦੀ ਚੰਗੀ ਪੈਦਾਵਾਰ ਨਹੀਂ ਹੋ ਸਕਦੀ, ਉਸੇ ਤਰ੍ਹਾਂ ਕਲੇਸ਼, ਈਰਖਾ ਅਤੇ ਗੁੱਸੇ ਉੱਤੇ ਸਵਾਰ ਮਨੁੱਖ ਅਨੰਦ ਭਰਪੂਰ ਜ਼ਿੰਦਗੀ ਨਹੀਂ ਜਿਊਂ ਸਕਦਾ।

ਰਾਏ ਸਲੀਮ ਭੱਟੀ ਸਾਨੂੰ ਇਸ ਤੋਂ ਬਾਅਦ ਗੁਰਦਵਾਰਾ ਮੱਲ ਜੀ ਸਾਹਿਬ ਲੈ ਗਏ।

ਸਲੀਮ ਭੱਟੀ: ਇੱਕ ਦਫ਼ਾ ਇੱਥੋਂ ਰਾਏ ਬੁਲਾਰ ਜੀ ਗੁਜ਼ਰ ਰਹੇ ਸਨ ਤਾਂ ਉਨ੍ਹਾਂ ਨੇ ਦੇਖਿਆ ਕਿ ਇਸ ਦਰੱਖ਼ਤ ਦੇ ਥੱਲੇ ਬਾਬਾ ਗੁਰੂ ਨਾਨਕ ਦੇਵ ਜੀ, ਉਹ ਉਸ ਜ਼ਮਾਨੇ ਵਿੱਚ ਬਹੁਤ ਛੋਟੇ ਸਨ, ਸੁੱਤੇ ਪਏ ਸਨ ਅਤੇ ਸੱਪ ਨੇ ਆਪਣਾ ਫਣ ਖਿਲਾਰ ਕੇ ਉਨਾ ਨੂੰ ਛਾਂ ਕੀਤੀ ਹੋਈ ਸੀ । ਰਾਏ ਬੁਲਾਰ ਜੀ ਨੇ ਮਹਿਸੂਸ ਕਿਤਾ ਕੀ ਇਹ ਬੱਚਾ ਕੋਈ ਆਮ ਬੱਚਾ ਨਹੀਂ ਹੈ, ਇਨ੍ਹਾਂ ਵਿੱਚ ਰੂਹਾਨੀਅਤ ਪਾਈ ਜਾਂਦੀ ਹੈ। ਰਾਏ ਬੁਲਾਰ ਸਾਹਿਬ ਨੇ ਉੱਥੇ ਹੀ ਆਪਣਾ ਅੱਧਾ ਰਕਬਾ, ਜੋ ਕਿ ੭੫੦ ਮਰੱਬਾ ਹੈ, ਉਨ੍ਹਾਂ ਦੇ ਨਾਮ ਕਰ ਦਿੱਤਾ। ਅੱਜ ਪੂਰਾ ਨਨਕਾਣਾ ਉਸ ਜ਼ਮੀਨ ਦੇ ਉੱਤੇ ਵੱਸਦਾ ਹੈ।

ਮੈਂ ਕਈ ਵਾਰ 'ਜਨਮਸਾਖੀਆਂ' ਵਿੱਚ ਦਰਜ ਕੁਝ ਵਾਕਿਆਤ ਬਾਰੇ ਵਿਚਾਰ ਕਰਦਾ ਹਾਂ ਜਿਨ੍ਹਾਂ ਵਿੱਚ ਦਰੱਖ਼ਤ ਦੀ ਛਾਂ ਦੇ ਥਾਂਏਂ ਰਹਿਣ ਅਤੇ ਸੁੱਤੇ ਬਾਲ ਨਾਨਕ ਉੱਤੇ ਸੱਪ ਦੇ ਛਾਂ ਕਰਨ ਵਾਲੇ ਵਾਕਿਆਤ ਹਨ।

ਤੂੰ ਸਭਨਾ ਮਾਹਿ ਸਮਾਇਆ॥
ਤਿਨਿ ਕਰਤੈ ਆਪੁ ਲੁਕਾਇਆ॥
(ਸਿਰੀ ਰਾਗ, ਗੁਰੂ ਨਾਨਕ)

ਕਰਤਾ ਸਭ ਵਿੱਚ ਸਮਾਇਆ ਹੈ
ਅਤੇ ਉਸ ਨੇ ਆਪਣਾ-ਆਪ ਲੁਕਾਇਆ ਹੈ।
(ਸਿਰੀ ਰਾਗ, ਗੁਰੂ ਨਾਨਕ)

ਮਨੁੱਖਾ ਬੋਲੀ ਦੇ ਘੇਰੇ ਵਿੱਚ ਆਉਣ ਤੋਂ ਇਨਕਾਰੀ ਰੁਝਾਨ ਦੇ ਬਿਰਤਾਂਤ ਕਬੂਲ ਹੋਣ ਜਾਂ ਨਾਮਨਜ਼ੂਰ ਪਰ ਇਹ ਬੇਹੱਦ ਪੇਚੀਦਾ ਮਾਮਲਾ ਹੈ। ਸ਼ਰਧਾ ਦੇ ਘੇਰੇ ਵਿੱਚ ਲੰਮਾ ਸਮਾਂ ਗੁਜ਼ਾਰਨ ਤੋਂ ਬਾਅਦ ਇਨ੍ਹਾਂ ਕੌਤਕੀ ਚਮਤਕਾਰਾਂ ਦੀਆਂ ਜੜ੍ਹਾਂ ਡੂੰਘੀਆਂ ਹੋ ਜਾਂਦੀਆਂ ਹਨ ਅਤੇ ਇਹ ਫ਼ਲਸਫ਼ੇ ਉੱਤੇ ਭਾਰੂ ਪੈਂਦੇ ਹਨ।

ਗੁਰੂ ਨਾਨਕ ਨੇ ਆਪਣੀ ਬਾਣੀ ਵਿੱਚ ਇਹ ਸੱਚ ਉਜਾਗਰ ਕੀਤਾ ਕਿ ਸਿਰਜਣਹਾਰ ਆਪਣੀ ਸਿਰਜਣਾ ਵਿੱਚ ਵਿਰਾਜਮਾਨ ਹੈ ਜੋ ਇਕੋ ਕਾਇਨਾਤੀ ਵਿਵਸਥਾ ਹੈ। ਮੇਰੀ ਨਿਮਾਣੀ ਸਮਝ ਮੁਤਾਬਕ ਸਿਰਜਣਹਾਰ ਕਈ ਕੌਤਕ ਵਰਤ ਸਕਦੇ ਹਨ ਜੋ ਇਨਸਾਨੀ ਸਮਝ ਤੋਂ ਬਾਹਰ ਹੁੰਦੇ ਹਨ। ਇਸ ਲਈ ਮੈਂ ਆਪਣਾ ਘੇਰਾ ਕੌਤਕੀ ਚਮਤਕਾਰਾਂ ਦੀ ਥਾਂ ਗੁਰੂ ਨਾਨਕ ਦੇ ਹਾਜ਼ਰਾ-ਜ਼ਹੂਰ ਫ਼ਲਸਫ਼ੇ ਤੱਕ ਰੱਖਿਆ ਹੈ।

ਗੁਰੂ ਨਾਨਕ ਦੀ ਦੁਨੀਆਵੀ ਕੰਮਾਂ ਵਿੱਚ ਬੇਲਾਗਤਾ ਕਾਰਨ ਚਿੰਤਤ ਮਾਪਿਆਂ ਨੇ ਸੋਚਿਆ ਕਿ ਸ਼ਾਇਦ ਵਿਆਹ ਕਰਵਾਉਣ ਤੋਂ ਬਾਅਦ ਉਨ੍ਹਾਂ ਦਾ ਰੁਖ਼ ਬਦਲ ਜਾਵੇਗਾ। ਸੋਲ੍ਹਾਂ ਸਾਲ ਦੀ ਉਮਰ ਵਿੱਚ ਯੋਗ ਕੰਨਿਆ ਦੀ ਭਾਲ ਸ਼ੁਰੂ ਹੋਈ। ਇਸ ਕੱਚੀ ਉਮਰੇ ਉਨ੍ਹਾਂ ਦਾ ਸਾਕ ਮੂਲਾ ਖੱਤਰੀ ਅਤੇ ਚੰਦੋ ਰਾਣੀ ਦੀ ਧੀ ਘੁੰਮੀ ਨਾਲ ਕਰ ਦਿੱਤਾ ਗਿਆ।

ਦੋਵਾਂ ਮਾਪਿਆਂ ਦੀ ਹਾਜ਼ਰੀ ਵਿੱਚ ਵਿਆਹ ਦੀਆਂ ਰਸਮਾਂ ਬਟਾਲਾ ਵਿੱਚ ਹੋਈਆਂ ਜੋ ਹੁਣ ਇੰਡੀਆ ਦੇ ਜ਼ਿਲ੍ਹੇ ਗੁਰਦਾਸਪੁਰ ਵਿੱਚ ਹੈ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੀਆ-ਪਾਕਿਸਤਾਨ ਦੀ ਸਰਹੱਦ ਕੁਝ ਤਹਿ ਨਾਕਿਆਂ ਤੋਂ ਹੀ ਪਾਰ ਕੀਤੀ ਜਾ ਸਕਦੀ ਹੈ। ਇਸ ਲਈ ਅਸੀਂ ਵਾਹਗਾ ਨਾਕੇ ਰਾਹੀਂ ਪਾਕਿਸਤਾਨ ਤੋਂ ਇੰਡੀਆ ਅਤੇ ਅੱਗੇ ਬਟਾਲਾ ਜਾ ਰਹੇ ਹਾਂ।

ਬਟਾਲਾ ਦੇ ਅੰਦਰੂਨ ਸ਼ਹਿਰ ਵਿੱਚ ਅਸੀਂ ਗੁਰਦਵਾਰਾ ਡੇਰਾ ਸਾਹਿਬ ਪਹੁੰਚੇ ਹਾਂ, ਇਸ ਅਸਥਾਨ ਉੱਤੇ ਗੁਰੂ ਨਾਨਕ ਦਾ ਵਿਆਹ ਘੁੰਮੀ ਨਾਲ ਹੋਇਆ ਸੀ ਜਿਨ੍ਹਾਂ ਨੂੰ ਪਿਆਰ ਨਾਲ ਸੁਲੱਖਣੀ ਬੁਲਾਉਂਦੇ ਸਨ। ਮੰਨਿਆ ਜਾਂਦਾ ਹੈ ਕਿ ਇਸ ਅਸਥਾਨ ਉੱਤੇ ਮੂਲਾ ਖੱਤਰੀ ਦਾ ਘਰ ਸੀ।

ਕੁਝ ਫਰਲਾਂਗ ਦੇ ਫ਼ਰਕ ਨਾਲ ਗੁਰਦਵਾਰਾ ਕੰਧ ਸਾਹਿਬ ਹੈ। ਇਸ ਅਸਥਾਨ ਉੱਤੇ ਬਾਰਾਤ ਦਾ ਉਤਾਰਾ ਹੋਇਆ ਸੀ। ਮੰਨਿਆ ਜਾਂਦਾ ਹੈ ਕਿ ਇਹ ਕੰਧ ਸ਼ਾਇਦ ਉਸੇ ਇਮਾਰਤ ਦੀ ਰਹਿੰਦ ਹੈ ਜਿਸ ਵਿੱਚ ਬਾਰਾਤ ਦਾ ਉਤਾਰਾ ਹੋਇਆ ਸੀ।

ਵਿਆਹ ਤੋਂ ਬਾਅਦ ਮਾਤਾ ਸੁੱਲਖਣੀ ਦਾ ਡੋਲਾ ਲੈ ਕੇ ਗੁਰੂ ਨਾਨਕ 'ਰਾਏ ਭੋਏ ਦੀ ਤਲਵੰਡੀ' ਆ ਗਏ ਜਿਸ ਦਾ ਮੌਜੂਦਾ ਨਾਮ ਨਨਕਾਣਾ ਸਾਹਿਬ ਹੈ।

ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ॥
ਹਉ ਘੋਲਿ ਘੁਮਾਈ ਖੰਨੀਐ ਕੀਤੀ ਹਿਕ ਭੋਰੀ ਨਦਰਿ ਨਿਹਾਲਿ॥
(ਰਾਗ ਮਾਰੂ ਕਾਫੀ, ਗੁਰੂ ਨਾਨਕ)

ਮੇਰੀ ਰੂਹ ਪਾਕਿ ਮੁਹੱਬਤ ਦੇ ਗੂੜ੍ਹੇ ਰੰਗ ਵਿੱਚ ਰੰਗੀ ਹੈ।
ਇਸ ਮੇਲ਼ ਲਈ ਮੈਂ ਦਵੈਤ ਦੇ ਗੇੜ ਨੂੰ ਚਾਕ ਕਰ ਦਿੱਤਾ। ਮੈਨੂੰ ਵਿਸਮਾਦੀ ਛਿਣ ਨਾਲ ਕ੍ਰਿਤਾਰਥ ਕਰੋ।
(ਰਾਗ ਮਾਰੂ ਕਾਫੀ, ਗੁਰੂ ਨਾਨਕ)

ਦੋ ਜੀਆਂ ਦਾ ਵਿਆਹ ਉਨ੍ਹਾਂ ਦੇ ਸਾਂਝੇ ਵਧਾਰੇ ਨਾਲ ਜੁੜਿਆ ਹੈ। ਰੂਹਾਨੀਅਤ ਨਾਲ ਲਵਰੇਜ਼ ਰਿਸ਼ਤਾ ਉਸ ਵੇਲੇ ਜੁੜਦਾ ਹੈ ਜਦੋਂ ਹਉਮੈਂ ਅਤੇ ਦਵੈਤ ਤੋਂ ਛੁਟਕਾਰਾ ਮਿਲਦਾ ਹੈ।

ਇੱਕ ਵਾਰ ਫਿਰ ਅਸੀਂ ਇੰਡੀਆ-ਪਾਕਿਸਤਾਨ ਦੀ ਸਰਹੱਦ ਦੇ ਵਾਹਗਾ ਨਾਕੇ ਤੋਂ ਲੰਘ ਕੇ ਫਾਰੂਕਾਬਾਦ ਜਾ ਰਹੇ ਹਾਂ ਜੋ ਨਨਕਾਣਾ ਸਾਹਿਬ ਤੋਂ ਤਕਰੀਬਨ ਚੌਵੀ ਕਿਲੋਮੀਟਰ ਦੀ ਵਿੱਥ ਉੱਤੇ ਹੈ।

ਅਮਰਦੀਪ ਸਿੰਘ: ਗੁਰੂ ਨਾਨਕ ਦੇ ਦੌਰ ਵਿੱਚ ਇਸ ਅਸਥਾਨ ਦਾ ਨਾਮ ਚੂਹੜਕਾਨਾ ਸੀ। ਇਸ ਅਸਥਾਨ ਉੱਤੇ ਗੁਰੂ ਨਾਨਕ ਨੇ ਲੰਗਰ ਦਾ ਦਸਤੂਰ ਕਾਇਮ ਕੀਤਾ। ਅਠਾਰਾਂ ਸਾਲਾਂ ਦੀ ਉਮਰ ਤੱਕ ਵੀ ਗੁਰੂ ਨਾਨਕ ਨੇ ਦੁਨੀਆਵੀ ਕੰਮਾਂ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ। ਉਨ੍ਹਾਂ ਦੀ ਤਰਬੀਅਤ ਬਾਰੇ ਚਿੰਤਾ ਕਰ ਰਹੇ ਮਹਿਤਾ ਕਾਲੂ ਨੇ ਉਨ੍ਹਾਂ ਨੂੰ ਕੋਈ ਕੰਮ ਸ਼ੁਰੂ ਕਰਨ ਲਈ ਲੋੜੀਂਦੀ ਰਕਮ ਦਿੱਤੀ।

ਗੁਰੂ ਨਾਨਕ ਆਪਣੇ ਅਗਵਾਨ ਸਹਾਇਕ ਨਾਲ ਚੂਹੜਕਾਨਾ ਹੀ ਪਹੁੰਚੇ ਸਨ ਕਿ ਉਨ੍ਹਾਂ ਨੂੰ ਭਗਤ ਰੈਣ ਮਿਲ ਗਏ ਜੋ ਆਪਣੇ ਪੈਰੋਕਾਰਾਂ ਦੇ ਜਥੇ ਨਾਲ ਸਨ। ਉਨ੍ਹਾਂ ਨੂੰ ਭੁੱਖ ਲੱਗੀ ਸੀ। ਦਇਆਵਾਨ ਗੁਰੂ ਨਾਨਕ ਵਿੱਚ ਵਰਤਾਵਣ ਅਤੇ ਸੇਵਾ ਦੀ ਭਾਵਨਾ ਠਾਠਾਂ ਮਾਰਦੀ ਸੀ, ਉਨ੍ਹਾਂ ਨੇ ਸਾਰੀ ਰਕਮ ਸਾਧੂਆਂ ਦੀ ਸੇਵਾ ਵਿੱਚ ਲਗਾ ਦਿੱਤੀ। ਸੇਵਾ ਦੇ ਇਸ ਬੇਗ਼ਰਜ਼ ਕਾਰਜ ਨਾਲ ਉਨ੍ਹਾਂ ਨੇ ਅਨੂਠੀ ਮਿਸਾਲ ਕਾਇਮ ਕੀਤੀ। ਖ਼ੁਰਾਕ ਜ਼ਿੰਦਗੀ

ਨੂੰ ਕਾਇਮ ਰੱਖਣ ਦਾ ਮੂਲ ਸਰੋਤ ਹੈ। ਜਦੋਂ ਇਹੋ ਕਾਰਜ ਸਾਂਝੇ ਰੂਪ ਵਿੱਚ ਵੰਡ ਕੇ ਕੀਤਾ ਜਾਂਦਾ ਹੈ ਤਾਂ ਇਸ ਨਾਲ ਦਇਆ ਅਤੇ ਵਹਿਦਤ ਦਾ ਅਹਿਸਾਸ ਬੁਲੰਦ ਹੁੰਦਾ ਹੈ।

ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ।
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ।
ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ।
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ।
(ਸਿਰੀ ਰਾਗ, ਗੁਰੂ ਨਾਨਕ)

ਸੂਰਜ ਅਤੇ ਚੰਦ, ਦੋ ਅਨੂਠੇ ਦੀਵੇ ਹਨ। ਇਨ੍ਹਾਂ ਦੀ ਅਨੰਤ ਰੌਸ਼ਨੀ ਸਮੁੱਚੀ ਕਾਇਨਾਤ ਨੂੰ ਰੌਸ਼ਨ ਕਰਦੀ ਹੈ।
ਮਨੁੱਖਾ ਬੁੱਤ ਸ਼ਹਿਰ ਹੈ, ਕਿਲਾ ਹੈ ਅਤੇ ਭੜੋਲਾ ਵੀ ਹੈ। ਇਹ ਇਲਾਹੀ ਗੁਣਾਂ ਦੀ ਸੌਦਾਗਰੀ ਕਰਨ ਵਾਲੀ ਹੱਟੀ ਹੈ।
ਵਿਵੇਕ ਦੁਨਿਆਵੀ ਖ਼ੌਫ਼ ਨੂੰ ਚਾਕ ਕਰਦਾ ਹੈ, ਅਤੇ ਪਾਕਿ ਮੁਹੱਬਤ ਦੇ ਅਹਿਸਾਸ ਨਾਲ ਨੀਅਤ ਨਿਰਮਲ ਹੁੰਦੀ ਹੈ।
ਗੁੱਝੇ ਰਹੱਸ ਜ਼ਾਹਿਰ ਹੁੰਦੇ ਹਨ ਜੇ ਮਨ ਦਾ ਤਵਾਜ਼ਨ ਬਣਿਆ ਰਹੇ ਤਾਂ।
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਨੇ ਫਰਮਾਇਆ ਕਿ ਜਦੋਂ ਅਗਿਆਨਤਾ ਦਾ ਹਨੇਰਾ ਛਟਦਾ ਹੈ ਤਾਂ ਸਦਗੁਣ ਪ੍ਰਗਟ ਹੁੰਦੇ ਹਨ। ਮਨੁੱਖਾ ਬੁੱਤ ਤਾਂ ਰੂਹ ਦੀ ਇਬਾਦਤਗਾਹ ਹੈ। ਜੇ ਮਨੁੱਖਾ ਬੁੱਤ ਰੂਪੀ ਹੱਟੀ ਨੂੰ ਖ਼ੁਰਾਕ ਵਜੋਂ ਚੇਤਨਾ ਰੂਪੀ ਗਿਆਨ ਦੀ ਰੌਸ਼ਨੀ ਮਿਲਦੀ ਰਹੇ ਤਾਂ ਇਸ ਦੀ ਸੌਦਾਗਰੀ ਸੁੱਚੀ ਹੋ ਜਾਂਦੀ ਹੈ। ਇਸ ਹਾਲਤ ਵਿੱਚ ਚੈਨ ਦੇ ਭੰਡਾਰੇ ਭਰ ਜਾਂਦੇ ਹਨ।

ਅਮਰਦੀਪ ਸਿੰਘ: ਉਨ੍ਹਾਂ ਨੇ ਇਹੋ ਸੱਚਾ ਸੌਦਾ ਕੀਤਾ।

ਮਾਤਾ ਸਤਨਾਮ ਕੌਰ: ਗੁਰੂ ਨਾਨਕ ਜੀ ਨੇ ਜਿਹੜਾ ਲੰਗਰ ਸ਼ੁਰੂ ਕੀਤਾ, ਹਰ ਇੱਕ ਵਾਸਤੇ ਸੀ। ਉਹ ਸੋਹਣੀ ਰਵਾਇਤ ਚਲਾ ਗਏ। ਹੁਣ ਅਸੀਂ ਉਮੀਦ ਰੱਖਦੇ ਹਾਂ, ਅਸੀਂ ਉਸ ਦਿਹਾੜੇ ਨੂੰ ਤਰਸਦੇ ਰਹਿੰਦੇ ਹਾਂ ਕਿ ਸੰਗਤਾਂ ਇੱਥੇ ਆਉਣ ਤੇ ਲੰਗਰ ਛਕਣ। ਲੰਗਰ ਦੀਆਂ ਰੌਣਕਾਂ ਲੱਗੀਆਂ ਰਹਿਣ।

ਭੁੱਖੇ ਸਾਧੂਆਂ ਦੀ ਸੇਵਾ ਵਿੱਚ ਸਾਰੀ ਰਕਮ ਖ਼ਰਚ ਕੇ ਗੁਰੂ ਨਾਨਕ ਤਲਵੰਡੀ ਵਾਪਸ ਪਹੁੰਚੇ। ਆਪਣੇ ਕੀਤੇ ਉੱਤੇ ਪਿਤਾ ਮਹਿਤਾ ਕਾਲੂ ਦੀ ਨਾਖ਼ੁਸ਼ੀ ਦਾ ਅੰਦਾਜ਼ਾ ਲਗਾ ਕੇ ਉਹ ਦਰੱਖ਼ਤਾਂ ਦੇ ਝੁੰਡ ਹੇਠ ਪਿੰਡ ਦੇ ਬਾਹਰ-ਵਾਰ ਰੁਕ ਗਏ। ਉਹ ਅਸਥਾਨ ਹੁਣ ਗੁਰਦਵਾਰਾ ਤੰਬੂ ਸਾਹਿਬ ਵਿੱਚ ਹੈ।

ਸਹਾਇਕ ਨੇ ਮਹਿਤਾ ਕਾਲੂ ਸਾਹਮਣੇ ਚੂਹੜਕਾਨਾ ਵਿੱਚ ਹੋਈ-ਬੀਤੀ ਬਿਆਨ ਕੀਤੀ। ਗੁੱਸੇ ਵਿੱਚ ਤਪੇ ਹੋਏ ਮਹਿਤਾ ਕਾਲੂ ਨੇ ਗੁਰੂ ਨਾਨਕ ਨੂੰ ਸੁਆਲ ਕੀਤਾ ਕਿ ਉਨ੍ਹਾਂ ਨੇ ਕੋਈ ਮੁਨਾਫ਼ੇ ਵਾਲਾ ਕੰਮ ਕਰਨ ਦੀ ਥਾਂ ਭੁੱਖੇ

ਸਾਧੂਆਂ ਦੀ ਸੇਵਾ ਵਿੱਚ ਮਾਇਆ ਕਿਉਂ ਬਰਬਾਦ ਕੀਤੀ। ਗੁਰੂ ਨਾਨਕ ਨੇ ਠੰਢੇ ਮਤੇ ਨਾਲ ਜੁਆਬ ਦਿੱਤਾ ਕਿ ਭੁੱਖੇ ਸਾਧੂਆਂ ਦੀ ਸੇਵਾ ਤੋਂ ਜ਼ਿਆਦਾ ਗੁਣਕਾਰੀ ਅਤੇ ਲਾਹੇਵੰਦਾ ਸੌਦਾ ਉਨ੍ਹਾਂ ਨੂੰ ਨਹੀਂ ਮਿਲਿਆ।

ਸਲੀਮ ਭੱਟੀ: ਰਾਏ ਬੁਲਾਰ ਜੀ, ਜੋ ਇੱਥੇ ਦੇ ਹਾਕਮ ਸਨ, ਉਨ੍ਹਾਂ ਨੂੰ ਜਦੋਂ ਪਤਾ ਲੱਗਿਆ ਕਿ ਮਹਿਤਾ ਕਾਲੂ ਆਪਣੇ ਬੇਟੇ, ਬਾਬਾ ਗੁਰੂ ਨਾਨਕ ਉੱਤੇ ਬਹੁਤ ਗੁੱਸੇ ਹਨ ਤਾਂ ਉਨ੍ਹਾਂ ਨੇ ਆਪਣੀ ਜੇਬ ਵਿੱਚੋਂ ੨੦ ਰੁਪਏ ਮਹਿਤਾ ਕਾਲੂ ਨੂੰ ਦੇ ਦਿੱਤੇ।

ਜਨਮਸਾਖੀਆਂ ਵਿੱਚ ਦਰਜ ਹੈ ਕਿ ਰਾਏ ਬੁਲਾਰ ਦਾ ਗੁਰੂ ਨਾਨਕ ਨਾਲ ਬਹੁਤ ਪਿਆਰ ਸੀ ਅਤੇ ਉਹ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ। ਉਹ ਭਲੇ ਅਤੇ ਧਰਮਾਤਮਾ ਸ਼ਖ਼ਸ ਸਨ ਜਿਨ੍ਹਾਂ ਉੱਤੇ ਗੁਰੂ ਨਾਨਕ ਦੀ ਸ਼ਖ਼ਸੀਅਤ ਦਾ ਬਹੁਤ ਅਸਰ ਸੀ।

ਬਚਪਨ ਵਿੱਚ ਹੀ ਗੁਰੂ ਨਾਨਕ ਵਿੱਚ ਉਨ੍ਹਾਂ ਸਾਰੇ ਮਜ਼ਹਬੀ ਅਸਥਾਨ ਉੱਤੇ ਜਾਣ ਦੀ ਤਾਂਘ ਪੈਦਾ ਹੋਈ ਜੋ ਤੀਰਥ ਯਾਤਰੂਆਂ ਦੀ ਜ਼ਿਆਰਤ ਲਈ ਜਾਣੇ ਜਾਂਦੇ ਸਨ। ਉਨ੍ਹਾਂ ਨੇ ਆਪਣੇ ਦਿਲ ਦੀ ਗੱਲ ਭਾਈ ਮਰਦਾਨੇ ਨਾਲ ਸਾਂਝੀ ਕੀਤੀ ਜਿਨ੍ਹਾਂ ਨਾਲ ਉਨ੍ਹਾਂ ਦੀ ਦਿਲ ਅਤੇ ਖ਼ਿਆਲਾਂ ਦੀ ਡੂੰਘੀ ਸਾਂਝ ਸੀ।

ਅਮਰਦੀਪ ਸਿੰਘ: ਭਾਈ ਮਰਦਾਨਾ ਲੰਮਾ ਸਮਾਂ ਬਾਬਾ ਗੁਰੂ ਨਾਨਕ ਦੇ ਸੰਗੀ ਰਹੇ। ਉਨ੍ਹਾਂ ਨੇ ਬਾਬਾ ਗੁਰੂ ਨਾਨਕ ਦਾ ਮਨੁੱਖੀ ਸੁਨੇਹਾ ਦੁਨੀਆ ਵਿੱਚ ਫੈਲਾਉਣ ਵਿੱਚ ਅਹਿਮ ਹਿੱਸਾ ਪਾਇਆ। ਭਾਈ ਮਰਦਾਨਾ ਦਾ ਜਨਮ ਇਸ ਪਿੰਡ ਵਿੱਚ ਹੋਇਆ ਜੋ ਹੁਣ ਨਨਕਾਣਾ ਸਾਹਿਬ ਹੈ। ਉਨ੍ਹਾਂ ਦਾ ਜਨਮ ਮਰਾਸੀ ਪਰਿਵਾਰ ਵਿੱਚ ਹੋਇਆ। ਗੁਰੂ ਨਾਨਕ ਨੇ ਵੀਹ ਸਾਲ ਦੀ ਉਮਰ ਵਿੱਚ ਭਾਈ ਮਰਦਾਨਾ ਨੂੰ ਆਪਣੀਆਂ ਰੂਹਾਨੀ ਯਾਤਰਾਵਾਂ ਉੱਤੇ ਨਾਲ ਚੱਲਣ ਦੀ ਬੇਨਤੀ ਕੀਤੀ।

ਮਹਿਤਾ ਕਾਲੂ ਨੇ ਯਾਤਰਾਵਾਂ ਉੱਤੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਭਾਈ ਮਰਦਾਨਾ ਨੇ ਇਸ ਖ਼ਿਆਲ ਨੂੰ ਅੱਗੇ ਪਾਉਣ ਦੀ ਸਲਾਹ ਦਿੱਤੀ ਕਿਉਂਕਿ ਉਨ੍ਹਾਂ ਸਿਰ ਆਪਣੀ ਧੀ ਦੇ ਵਿਆਹ ਦੀ ਜ਼ਿੰਮੇਵਾਰੀ ਸੀ। ਮੁਸਾਫ਼ਰੀ ਦੀ ਤਾਂਘ ਦਰਸਾਉਂਦੀ ਹੈ ਕਿ ਗੁਰੂ ਨਾਨਕ ਦਾ ਝੁਕਾਅ ਛੋਟੀ ਉਮਰ ਤੋਂ ਹੀ ਘੁੰਮ-ਫਿਰ ਕੇ ਵੱਖ-ਵੱਖ ਅਕੀਦਿਆਂ ਦੇ ਤੀਰਥ ਅਸਥਾਨ ਦਾ ਤਜਰਬਾ ਹਾਸਿਲ ਕਰਨ ਅਤੇ ਗੋਸ਼ਟਿ ਰਚਾਉਣ ਵੱਲ ਸੀ।

ਗੁਰੂ ਨਾਨਕ ਦੀ ਫ਼ਲਸਫ਼ੀ ਸੋਚ ਅਤੇ ਪਦਾਰਥ ਤੋਂ ਬੇਲਾਗਤਾ ਕਾਰਨ ਉਨ੍ਹਾਂ ਦੇ ਮਾਪਿਆਂ ਨੂੰ ਯਕੀਨ ਹੋਣ ਲੱਗਿਆ ਕਿ ਉਨ੍ਹਾਂ ਨੂੰ ਕੋਈ ਬੀਮਾਰੀ ਹੈ। ਸਾਕ-ਸਬੰਧੀਆਂ ਅਤੇ ਦੋਸਤਾਂ ਲਈ ਉਨ੍ਹਾਂ ਦੀ ਬੇਪਰਵਾਹੀ ਚਿੰਤਾ ਦਾ ਵਿਸ਼ਾ ਸੀ। ਮਹਿਤਾ ਕਾਲੂ ਨੇ ਵੈਦ ਬੁਲਾਇਆ। ਜਦੋਂ ਵੈਦ ਨੇ ਉਨ੍ਹਾਂ ਦੀ ਨਬਜ਼ ਟੋਹੀ ਤਾਂ ਉਨ੍ਹਾਂ ਨੇ ਬਾਂਹ ਛੁਡਾ ਕੇ ਇਹ ਸ਼ਬਦ ਉਚਾਰਿਆ,

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ।
(ਰਾਗ ਮਲਾਰ, ਗੁਰੂ ਨਾਨਕ)

ਇਲਾਜ ਲਈ ਵੈਦ ਬੁਲਾਇਆ ਹੈ। ਉਸ ਨੇ ਨਬਜ਼ ਟੋਹੀ ਹੈ।
ਉਹ ਭੋਲਾ ਨਹੀਂ ਜਾਣਦਾ ਕਿ ਦਰਦ ਕਲੇਜੇ ਵਿੱਚ ਡੂੰਘਾ ਉਤਰਿਆ ਹੈ।
(ਰਾਗ ਮਲਾਰ, ਗੁਰੂ ਨਾਨਕ)

ਗੁਰੂ ਨਾਨਕ ਦੀ ਮਰਜ਼ ਜਿਸਮਾਨੀ ਨਹੀਂ ਸੀ। ਉਨ੍ਹਾਂ ਦੀ ਰੂਹ ਵਿੱਚ ਵਿਛੋੜੇ ਦਾ ਡੂੰਘਾ ਦਰਦ ਵਸਿਆ ਸੀ। ਸਮਾਜ ਵਿੱਚ ਫੈਲੇ ਹਉਮੈਂ ਰੋਗ ਕਾਰਨ ਉਨ੍ਹਾਂ ਦੇ ਕਲੇਜੇ ਦਰਦ ਹੁੰਦਾ ਸੀ ਕਿਉਂਕਿ ਇਹ ਸਮਾਜਿਕ ਤਾਣੇ-ਬਾਣੇ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦਾ ਘਾਣ ਕਰਦਾ ਹੈ ਅਤੇ ਹਮਸਾਇਆਂ ਵਿੱਚ ਕਲੇਸ਼ ਪੈਦਾ ਕਰਦਾ ਸੀ।

ਅਸੀਂ ਰਾਏ ਬੁਲਾਰ ਭੱਟੀ ਦੀ ਯਾਦਗਾਰ ਉੱਤੇ ਸਿਜਦਾ ਕਰਨ ਆਏ ਹਾਂ ਜੋ ਨਨਕਾਣਾ ਸਾਹਿਬ ਵਿੱਚ ਗੁਰਦਵਾਰਾ ਜਨਮ ਅਸਥਾਨ ਤੋਂ ਕੁਝ ਫ਼ਰਕ ਨਾਲ ਇੱਕ ਟਿੱਲੇ ਉੱਤੇ ਬਣੀ ਹੈ।

ਸਲੀਮ ਭੱਟੀ: ਦੁਨੀਆ ਅੱਜ ਜਿੱਥੇ ਛੋਟੇ-ਛੋਟੇ ਮਾਮਲਾਤ ਉੱਤੇ ਵੰਡੀ ਗਈ ਹੈ, ਅਸੀਂ, ਰਾਏ ਬੁਲਾਰ ਦੀ ਔਲਾਦ, ਹਮੇਸ਼ਾਂ ਇਹ ਕੋਸ਼ਿਸ਼ ਕੀਤੀ ਹੈ ਕੀ ਜਿਸ ਤਰ੍ਹਾਂ ਰਾਏ ਬੁਲਾਰ ਸਾਹਿਬ ਅਤੇ ਬਾਬਾ ਗੁਰੂ ਨਾਨਕ ਦੇਵ ਜੀ ਦੁਨੀਆ ਅਤੇ ਦੀਨ ਨੂੰ ਇਕੱਠਾ ਲੈ ਕੇ ਚੱਲੇ, ਅਸੀਂ ਵੀ ਚਾਹਵਾਂਗੇ ... ਸਾਡੀ ਕੋਸ਼ਿਸ਼ ਹੈ ਕਿ ਇਹ ਨਾਲ-ਨਾਲ ਚੱਲੇ।

ਗੁਰੂ ਨਾਨਕ ਮੁਤਾਬਕ ਸੱਚੀ ਦੋਸਤੀ ਦਾ ਮਤਲਬ ਹੀ ਇਕੱਠੇ ਹੋ ਕੇ ਪ੍ਰੇਮ ਨਾਲ ਰੂਹਾਨੀ ਗਿਆਨ ਪ੍ਰਾਪਤੀ ਦੇ ਬਿਖੜੇ ਪੈਂਡੇ ਤੈਅ ਕਰਨਾ ਹੈ।

ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ॥
ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ॥
(ਰਾਗ ਗਉੜੀ ਪੂਰਬੀ, ਗੁਰੂ ਨਾਨਕ)

ਖ਼ੁਸ਼ੀ ਵਿੱਚ ਪ੍ਰੇਮ ਦੇ ਗੀਤ ਗਾਉਣ ਨਾਲ ਰੂਹ ਪ੍ਰਸੰਨ ਅਤੇ ਬੁਲੰਦ ਰਹਿੰਦੀ ਹੈ।
ਸੱਜਣ ਖ਼ੁਸ਼ ਹੁੰਦੇ ਹਨ ਅਤੇ ਦੁਸ਼ਟ ਨਿਰਾਸ਼ ਹੁੰਦੇ ਹਨ।
ਸੱਚ ਦੀ ਸੋਚ-ਵਿਚਾਰ ਨਾਲ ਹਕੀਕਤ ਦੀ ਥਾਹ ਪੈਂਦੀ ਹੈ।
(ਰਾਗ ਗਉੜੀ ਪੂਰਬੀ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੧: ਨੂਰ-ਏ-ਤੌਹੀਦ (ਵਹਿਦਤ ਦੀ ਰੌਸ਼ਨੀ)

ਹੇਠਾਂ ਦਿੱਤੇ ਗਏ ਨੁਕਤੇ ਗੁਰੂ ਨਾਨਕ ਦੇ ਦਾਰਸ਼ਨਿਕ ਯੋਗਦਾਨ ਅਤੇ ਇਤਿਹਾਸਕ ਸੰਦਰਭ ਨੂੰ ਸਮਝਣ ਲਈ ਇਕ ਮੁਲਵਾਨ ਸਮੱਗਰੀ ਪ੍ਰਦਾਨ ਕਰਦੇ ਹਨ, ਜੋ ਕਿ ਉਨ੍ਹਾਂ ਉਪਰ ਬਣਾਈ ਗਈ ਦਸਤਾਵੇਜ਼ੀ ਫਿਲਮ ਵਿੱਚ ਦਰਸਾਏ ਵਿਸ਼ਿਆਂ 'ਤੇ ਆਧਾਰਿਤ ਹਨ। ਉਨ੍ਹਾਂ ਦੇ ਜੀਵਨ ਵਿਚਲੇ ਤਜ਼ਰਬਿਆਂ ਅਤੇ ਅਨੁਭਵੀ ਸੂਝ ਦੇ ਵਿਚਕਾਰ ਸਥਾਪਿਤ ਤਾਲਮੇਲ ਦੀ ਪੜਚੋਲ ਰਾਹੀਂ, ਅਸੀਂ ਇਹ ਸਮਝ ਸਕਦੇ ਹਾਂ ਕਿ ਉਨ੍ਹਾਂ ਦੀ ਰੂਹਾਨੀ ਯਾਤਰਾ ਨੇ ਏਕਤਾ ਦੇ ਸੰਦੇਸ਼ ਦੀ ਘਾੜਤ ਕਿਵੇਂ ਘੜੀ? ਇਹ ਪ੍ਰਸ਼ਨ ਗੰਭੀਰ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਦੇ ਹਨ ਕਿ ਗੁਰੂ ਨਾਨਕ ਦੇ ਰੂਹਾਨੀ ਅਨੁਭਵ ਨੇ ਲਿੰਗ ਅਤੇ ਧਾਰਮਿਕ ਹਠਧਰਮਤਾ 'ਤੇ ਆਧਾਰਿਤ ੧੫ਵੀਂ ਸਦੀ ਦੇ ਭਾਰਤ ਵਿਚਲੇ ਸਥਾਪਿਤ ਸਮਾਜਕ ਨਿਯਮਾਂ ਅਤੇ ਵੰਡਾਂ ਨੂੰ ਕਿਵੇਂ ਚੁਣੌਤੀ ਦਿੱਤੀ, ਅਤੇ ਉਹ ਅੱਜ ਵੀ ਕਿਸ ਤਰ੍ਹਾਂ ਸਾਡੇ ਲਈ ਪ੍ਰੇਰਨਾ ਦਾ ਸਰੋਤ ਹਨ।

## ਇਤਿਹਾਸਕ ਚਰਚਾ ਨੁਕਤੇ:

੧. **ਗੁਰੂ ਨਾਨਕ ਦੇ ਸਮਕਾਲੀਨ ਸਮਾਜਕ ਅਤੇ ਰਾਜਨੀਤਿਕ ਹਾਲਾਤ ਕੀ ਸਨ, ਅਤੇ ਇਨ੍ਹਾਂ ਪਰਸਥਿਤੀਆਂ ਨੇ ਉਨ੍ਹਾਂ ਦੀ ਆਤਮਿਕ ਖੋਜ ਨੂੰ ਕਿਵੇਂ ਪ੍ਰਭਾਵਿਤ ਕੀਤਾ?**
ਐਪੀਸੋਡ ਵਿਚ ੧੫ਵੀਂ ਸਦੀ ਨੂੰ ਇਕ ਅਸਥਿਰਤਾ ਭਰੇ ਯੁੱਗ ਵਜੋਂ ਦਰਸਾਇਆ ਗਿਆ ਹੈ, ਜਿੱਥੇ ਸਮਾਜਿਕ ਵੰਡੀਆਂ, ਜਾਤੀਵਾਦ, ਰੂੜੀਵਾਦੀ ਮਾਨਸਿਕਤਾ, ਧਾਰਮਿਕ ਕਟੜਤਾ, ਲਿੰਗ ਅਧਾਰਿਤ ਵਖਰੇਵੇਂ ਆਪਣੇ ਜੋਬਨ ‘ਤੇ ਸਨ। ਇਸ ਵਿਚ ਇਸ ਤੱਥ ਉਪਰ ਵੀ ਰੋਸ਼ਨੀ ਪਾਈ ਗਈ ਹੈ ਕਿ ਧਾਰਮਿਕ ਆਗੂ ਫੌਕੀਆਂ ਕਰਮਕਾਂਡੀ ਰਸਮਾਂ ਅਤੇ ਪੁਰਾਤਨ ਵਿਚਾਰਧਾਰਾਵਾਂ ਨੂੰ ਸਥਾਪਿਤ ਕਰ ਸਮਾਜ ਨੂੰ ਬੁਰੀ ਤਰ੍ਹਾਂ ਲਤਾੜ ਰਹੇ ਸਨ। ਇਸ ਤੋਂ ਇਲਾਵਾ, ਗੁਰੂ ਨਾਨਕ ਦੇ ਆਗਮਨ ਤੋਂ ਪਹਿਲਾਂ ਲੰਬੇ ਸਮੇਂ ਤੱਕ, ਸਿੰਧੂ ਖੇਤਰ ਕੇਂਦਰੀ ਏਸ਼ੀਆਈ ਸ਼ਾਸਕਾਂ ਦੇ ਹਮਲਿਆਂ ਕਰਕੇ ਰਾਜਨੀਤਿਕ ਅਸਥਿਰਤਾ ਦਾ ਸਾਹਮਣਾ ਕਰ ਰਿਹਾ ਸੀ। ਇਨ੍ਹਾਂ ਹਾਲਤਾਂ ਵਿਚ, ਭਾਰਤੀ ਖੇਤਰ ਦੇ ਮੂਲ ਨਿਵਾਸੀਆਂ ਨੂੰ ਉਨ੍ਹਾਂ ਦੇ ਵਿਸ਼ੇਸ਼ ਅਧਿਕਾਰ, ਸੋਚ ਅਤੇ ਵਿਸ਼ਵਾਸ ਦੀ ਆਜ਼ਾਦੀ ਤੋਂ ਵਾਂਝਾ ਕਰ ਦਿੱਤਾ ਗਿਆ ਸੀ। ਇਨ੍ਹਾਂ ਹਾਲਾਤਾਂ ਨੇ ਇਨ੍ਹਾਂ ਜਟਿਲ ਜੰਜ਼ੀਰਾਂ ਨੂੰ ਤੋੜਨ ਲਈ ਗੁਰੂ ਨਾਨਕ ਦੇ ਅਨੁਭਵਾਂ ਨੂੰ ਕਿਵੇਂ ਤਰਾਸ਼ਿਆ?

## ੨. ਗੁਰੂ ਨਾਨਕ ਦੀ ਮੁਢਲੀ ਸਿੱਖਿਆ ਉਨ੍ਹਾਂ ਦੇ ਦਾਰਸ਼ਨਿਕ ਵਿਉਹਾਰ ਨੂੰ ਆਕਾਰ ਦੇਣ ਵਿੱਚ ਕਿੰਨੀ ਮਹੱਤਵਪੂਰਨ ਸੀ?

ਐਪੀਸੋਡ ਮੁਤਾਬਕ, ਗੁਰੂ ਨਾਨਕ ਨੇ ਪੰਡਤ ਬ੍ਰਿਜ ਨਾਥ ਦੇ ਅਧੀਨ ਭਾਰਤੀ ਸ਼ਾਸ਼ਤਰ, ਸੰਸਕ੍ਰਿਤ ਭਾਸ਼ਾ ਅਤੇ ਲੰਡਾ ਲਿਪੀ ਸਿੱਖੀ, ਅਤੇ ਮੌਲਵੀ ਕੁਤੁਬ-ਉੱਦ-ਦੀਨ ਦੇ ਅਧੀਨ ਫ਼ਾਰਸੀ ਅਤੇ ਅਰਬੀ ਦੀ ਤਾਲੀਮ ਵੀ ਹਾਸਿਲ ਕੀਤੀ। ਗੁਰੂ ਨਾਨਕ ਹਿੰਦੋਸਤਾਨ ਵਿਚ ਸਥਾਪਿਤ ਦੋ ਮੁੱਖ ਧਰਮਾਂ - ਹਿੰਦੂ ਅਤੇ ਇਸਲਾਮ - ਦੇ ਧਾਰਮਿਕ ਗ੍ਰੰਥਾਂ ਦੀ ਪੁਖਤਾ ਜਾਣਕਾਰੀ ਹਾਸਿਲ ਕਰ ਚੁੱਕੇ ਸਨ। ਮੁਢਲੇ ਵਰਿਆਂ ਵਿਚ ਵੱਖ-ਵੱਖ ਧਾਰਮਿਕ ਪਰੰਪਰਾਵਾਂ ਤੋਂ ਮਿਲੀ ਉਨ੍ਹਾਂ ਨੂੰ ਇਸ ਮੁਢਲੀ ਸੂਝ ਨੇ ਉਨ੍ਹਾਂ ਦੇ ਉਦਾਰਵਾਦੀ ਦਰਸ਼ਨ ਅਤੇ ਵੱਖ-ਵੱਖ ਸਭਿਆਚਾਰਾਂ ਨਾਲ ਰਚਾਏ ਸੰਵਾਦ ਨੂੰ ਕਿਵੇਂ ਪ੍ਰਭਾਵਿਤ ਕੀਤਾ?

## ੩. ਗੁਰੂ ਨਾਨਕ ਦੀ ਜੀਵਨੀ ਅਤੇ ਆਤਮਿਕ ਅੰਦਰੂਣੀ ਝਲਕ ਨੂੰ ਸੰਭਾਲਣ ਵਿੱਚ ਜਨਮਸਾਖੀ ਪਰੰਪਰਾ ਦੀ ਕੀ ਭੂਮਿਕਾ ਸੀ?

ਐਪੀਸੋਡ ਵਿਚ ਦੱਸਿਆ ਗਿਆ ਹੈ ਕਿ 'ਜਨਮਸਾਖੀ' ਸ਼ਬਦ 'ਜਨਮ' (ਜੀਵਨ) ਅਤੇ 'ਸਾਖੀ' (ਬਿਰਤਾਂਤ) ਤੋਂ ਬਣਿਆ ਹੈ। ਇਹ ਜਨਮਸਾਖੀ ਸਾਹਿਤ ਗੁਰੂ ਨਾਨਕ ਦੇ ਦਰਸ਼ਨ ਨੂੰ ਸੰਭਾਲਣ ਅਤੇ ਪ੍ਰਚਾਰਣ ਲਈ ਤਿਆਰ ਕੀਤਾ ਗਿਆ ਸੀ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਦੇ ਜੀਵਨ ਦੀਆਂ ਕਥਾਵਾਂ ਨੂੰ ਸਥਾਨਿਕ ਮੂਲਵਾਸੀਆਂ ਦੁਆਰਾ ਪਹਿਲਾਂ ਮੌਖਿਕ ਅਤੇ ਬਾਅਦ ਵਿੱਚ ਲਿਖਤੀ ਰੂਪ ਵਿੱਚ ਸੰਭਾਲਿਆ ਗਿਆ। ਗੁਰੂ ਨਾਨਕ ਦੇ ਜੀਵਨ ਤੋਂ ਲਗਭਗ ੬੫ ਸਾਲ ਬਾਅਦ ਭਾਈ ਗੁਰਦਾਸ ਨੇ ਕਾਵਿ ਰੂਪ ਵਿਚ ਉਨ੍ਹਾਂ ਦੀ ਸਾਖੀ ਨੂੰ ਕਲਮਬਧ ਕੀਤਾ, ਜਿਸ ਤੋਂ ਬਾਅਦ ਵੱਖ-ਵੱਖ ਸਿਰਲੇਖਾਂ ਹੇਠਾਂ ਕਈ ਹੋਰ ਜਨਮਸਾਖੀਆਂ ਦੀ ਰਚਨਾ ਵੀ ਵਾਰਤਕ ਰੂਪ ਵਿਚ ਹੋਣ ਲੱਗੀ। ਇਸ ਨਾਲ ਨਵੀਆਂ ਕਥਾਵਾਂ ਗੁਰੂ ਨਾਨਕ ਦੀਆਂ ਯਾਤਰਾਵਾਂ ਨੂੰ ਉਨ੍ਹਾਂ ਭੂਗੋਲਾਂ ਤੱਕ ਵਧਾ ਰਹੀਆਂ ਹਨ ਜਿਨ੍ਹਾਂ ਦਾ ਜ਼ਿਕਰ ਸਭ ਤੋਂ ਪੁਰਾਣੀਆਂ ਜਨਮਸਾਖੀਆਂ ਵਿਚ ਨਹੀਂ ਮਿਲਦਾ। ਇਨ੍ਹਾਂ ਵਿਕਾਸਸਮਈ ਬਿਰਤਾਂਤਾਂ ਨੇ ਗੁਰੂ ਨਾਨਕ ਦੇ ਜੀਵਨ ਅਤੇ ਫ਼ਲਸਫ਼ੇ ਬਾਰੇ ਸਾਡੀ ਸਮਝ ਨੂੰ ਕਿਵੇਂ ਪ੍ਰਭਾਵਿਤ ਅਤੇ ਰੁਪਾਂਤ੍ਰਿਤ ਕੀਤਾ?

## ੪. ਗੁਰੂ ਨਾਨਕ ਦੀਆਂ ਪਹਿਲ ਕਦਮੀਆਂ ਵਿਚੋਂ ਸੱਚਾ ਸੌਦਾ ਦੀ ਘਟਨਾ ਦਾ ਕੀ ਮਹੱਤਵ ਸੀ?

ਐਪੀਸੋਡ ਵਿਚ ਵਰਣਨ ਹੈ ਕਿ ਜਦੋਂ ਗੁਰੂ ਨਾਨਕ ੧੮ ਸਾਲ ਦੇ ਸਨ, ਤਾਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ੨੦ ਰੁਪਏ ਦਿੱਤੇ ਅਤੇ ਉਨ੍ਹਾਂ ਨੂੰ ਨਵਾਂ ਕਾਰੋਬਾਰ ਸ਼ੁਰੂ ਕਰਨ ਦੀ ਬੇਨਤੀ ਕੀਤੀ। ਹਾਲਾਂਕਿ, ਜਦੋਂ ਉਹ ਭਗਤ ਰੈਨ ਨਾਂ ਦੇ ਇਕ ਤਪਸਵੀ ਨੂੰ ਮਿਲੇ, ਜਿਨ੍ਹਾਂ ਦੇ ਅਨੁਯਾਈ ਭੁੱਖੇ ਸਨ, ਤਾਂ ਗੁਰੂ ਨਾਨਕ ਨੇ ਪੂਰੀ ਰਕਮ ਤਪਸਵੀਆਂ ਨੂੰ ਭੋਜਨ ਛਕਾਉਣ ਲਈ ਰਸਦ ਖਰੀਦਣ ਵਿਚ ਵਰਤੀ। ਐਪੀਸੋਡ ਵਿਚ ਦੱਸਿਆ ਗਿਆ ਹੈ ਕਿ ਨਿਸ਼ਕਾਮ ਸੇਵਾ ਦੀ ਇਸ ਕਿਰਿਆ ਵਿਚ, ਉਨ੍ਹਾਂ ਨੇ ਸਭ ਦੀ ਦੇਖਭਾਲ ਦੀ ਭਾਵਨਾ ਦਾ ਪ੍ਰਦਰਸ਼ਨ ਕੀਤਾ। ਜਦੋਂ ਇਸ ਬਾਰੇ ਉਨ੍ਹਾਂ ਦੇ ਪਿਤਾ ਨੇ ਗੁਸੇ ਵਿਚ ਪੁੱਛਿਆ, ਤਾਂ

ਗੁਰੂ ਨਾਨਕ ਨੇ ਸ਼ਾਂਤੀ ਨਾਲ ਉੱਤਰ ਦਿੱਤਾ ਕਿ ਉਨ੍ਹਾਂ ਨੂੰ ਭੁੱਖਿਆਂ ਨੂੰ ਖਵਾਉਣ ਤੋਂ ਵਧੀਆ ਤੇ ਲਾਭਕਾਰੀ ਹੋਰ ਕੋਈ ਵੀ ਵਪਾਰ ਨਹੀਂ ਲੱਗਾ। ਇਸ ਘਟਨਾ ਨੂੰ 'ਸੱਚਾ ਸੌਦਾ' ਕਿਹਾ ਗਿਆ, ਅਤੇ ਇਸ ਨੂੰ 'ਲੰਗਰ' (ਵੰਡ ਛੱਕਣ) ਦੀ ਪਰੰਪਰਾ ਦੀ ਸ਼ੁਰੂਆਤ ਕਰਨ ਦਾ ਸਨਮਾਨ ਮਿਲਿਆ। ਇਹ ਸ਼ੁਰੂਆਤੀ ਬਿਰਤਾਂਤ ਭੌਤਿਕ ਧਨ ਦੇ ਮੁਕਾਬਲੇ ਵਿਸ਼ਵ ਭਲਾਈ ਬਾਰੇ ਗੁਰੂ ਨਾਨਕ ਦੀਆਂ ਪਹਿਲ ਕਦਮੀਆਂ ਨੂੰ ਕਿਵੇਂ ਸਥਾਪਿਤ ਕਰਦੇ ਹਨ?

## ਦਾਰਸ਼ਨਿਕ ਚਰਚਾ ਸੰਕੇਤ:

੧. **ਮੂਲ ਮੰਤਰ ਵਿਚ ਵਿਦਮਾਨ ਗੁਰੂ ਨਾਨਕ ਦੇ ਦਰਸ਼ਨ ਦਾ ਸਾਰ ਕੀ ਹੈ?**
ਐਪੀਸੋਡ ਵਿੱਚ ਮੂਲ ਮੰਤਰ ਦੇ ਭਾਵ ਨੂੰ ਇਸ ਤਰ੍ਹਾਂ ਦਰਸਾਇਆ ਗਿਆ ਹੈ; ਇੱਕ ਸਰਬਵਿਆਪੀ। ਸਤਿ। ਸ੍ਰਿਸ਼ਟੀ ਵਿਚ ਪ੍ਰਗਟ। ਨਿਡਰ। ਭੇਦ-ਭਾਵ ਤੋਂ ਰਹਿਤ। ਸਦਾ ਕਾਇਮ। ਜਨਮ ਤੋਂ ਪਰੇ। ਆਪ ਹੀ ਮੌਜੂਦ। ਵਿਵੇਕ ਦੀ ਕਿਰਪਾ ਰਾਹੀਂ ਪ੍ਰਾਪਤ। ਇਹ ਮੂਲ ਸਬਦ ਗੁਰੂ ਨਾਨਕ ਦੇ ਦਰਸ਼ਨ ਵਿਚ ਏਕਤਾ, ਸਤਿ, ਨਿਡਰਤਾ, ਗੈਰ-ਭੇਦਭਾਵ ਅਤੇ ਸਦੀਵਤਾ ਦੇ ਸਿਧਾਂਤਾਂ ਨੂੰ ਸਥਾਪਤ ਕਰਦਾ ਹੈ। ਇਹ ਮੂਲ ਸਿਧਾਂਤ ਗੁਰੂ ਨਾਨਕ ਦੇ ਬਰਾਬਰੀ ਅਤੇ ਰੂਹਾਨੀ ਚੇਤਨਾ ਨਾਲ ਭਰਪੂਰ ਸਰਬ-ਵਿਆਪਕ ਦ੍ਰਿਸ਼ਟੀਕੋਣਾਂ ਦੀ ਨੀਂਹ ਕਿਵੇਂ ਰੱਖਦੇ ਹਨ?

੨. **ਗੁਰੂ ਨਾਨਕ ਨੇ ਆਪਣੇ ਸੰਦੇਸ਼ਾਂ ਰਾਹੀਂ ਸਮਾਜਿਕ ਅਤੇ ਧਾਰਮਿਕ ਭੇਦਭਾਵ ਨੂੰ ਕਿਵੇਂ ਚੁਣੌਤੀ ਦਿੱਤੀ?**
ਐਪੀਸੋਡ ਵਿਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਨੇ ਨਿਡਰਤਾ ਨਾਲ ਸਮਾਜ ਦੇ ਸਥਾਪਿਤ ਮਾਪਦੰਡਾਂ ਨੂੰ ਚੁਣੌਤੀ ਦਿੱਤੀ ਅਤੇ ਲਿੰਗ, ਧਰਮ, ਨਸਲੀ ਅਤੇ ਵਰਗੀ ਅਸਮਾਨਤਾਵਾਂ ਦਾ ਲਗਾਤਾਰ ਵਿਰੋਧ ਕੀਤਾ। ਉਨ੍ਹਾਂ ਦੁਆਰਾ ਜਨੇਊ ਸੰਸਕਾਰ ਨੂੰ ਦਿੱਤੀ ਚੁਣੌਤੀ ਨੇ ਇਹ ਪ੍ਰਸ਼ਨ ਪੈਦਾ ਕੀਤਾ ਕਿ ਜਾਤੀ ਪ੍ਰਣਾਲੀ ਵਿਚ ਪਵਿੱਤਰ ਧਾਗਾ ਸਿਰਫ਼ ਉੱਚੀ ਜਾਤੀ ਦੇ ਪੁਰਸ਼ ਮੈਂਬਰਾਂ ਲਈ ਹੀ ਕਿਉਂ ਹੈ, ਜਿਸ ਨਾਲ ਉਨ੍ਹਾਂ ਨੇ ਲਿੰਗ ਅਤੇ ਜਾਤੀ ਦੋਹਾਂ ਦੇ ਵਿਰੁੱਧ ਆਪਣੀ ਦ੍ਰਿੜਤਾ ਵਿਖਾਈ। ਧਾਰਮਿਕ ਤੌਰ ‘ਤੇ ਦਿਤੇ ਜ਼ਵਾਬ ਰਾਹੀਂ ਉਨ੍ਹਾਂ ਜ਼ੋਰ ਦੇ ਸਮਝਾਇਆ ਕਿ ਇੰਦ੍ਰੀਆਂ ਨੂੰ ਸੰਜਮ ਵਿਚ ਰੱਖਣ ਲਈ ਕੋਈ ਧਾਗਾ ਕਿਉਂ ਨਹੀਂ ਹੈ? ਤ੍ਰਿਸ਼ਨਾ ਨੂੰ ਕਾਬੂ ਕਰਨ ਵਾਲਾ ਧਾਗਾ ਕਿਥੇ ਹੈ? ਇਸ ਦੇ ਨਾਲ ਇਹ ਪ੍ਰਸ਼ਨ ਵੀ ਉਠਾਇਆ ਕਿ ਕੋਈ ਕੇਵਲ ਧਾਰਮਿਕ ਭੇਖ ਧਾਰਨ ਕਰ ਕੇ ਪਵਿੱਤਰ ਕਿਵੇਂ ਹੋ ਸਕਦਾ ਹੈ? ਸਮਾਜਿਕ ਅਤੇ ਧਾਰਮਿਕ ਭੇਦਭਾਵ ਪ੍ਰਥਾਇ ਕੀਤੇ ਇਹ ਪ੍ਰਤੀਕਰਮ ਗੁਰੂ ਨਾਨਕ ਦੀ ਸਮਾਨਤਾ ਅਤੇ ਆਤਮਕ ਸਚਾਈ ਵਾਲੇ ਵਿਸ਼ਾਲ ਦ੍ਰਿਸ਼ਟੀਕੋਣ ਨੂੰ ਕਿਵੇਂ ਦਰਸਾਉਂਦੇ ਹਨ?

### ੩. ਗੁਰੂ ਨਾਨਕ ਦੇ ਸੇਵਾ ਪ੍ਰਤੀ ਦ੍ਰਿਸ਼ਟੀਕੋਣ ਵਿਚ ਲੰਗਰ ਪਰੰਪਰਾ ਦਾ ਕੀ ਮਹੱਤਵ ਹੈ?

ਐਪੀਸੋਡ ਵਿੱਚ 'ਸੱਚਾ ਸੌਦਾ' ਦੀ ਘਟਨਾ ਰਾਹੀਂ ਗੁਰੂ ਨਾਨਕ ਨੂੰ 'ਲੰਗਰ' ਸੰਸਥਾ ਦੇ ਮੋਢੀ ਵਜੋਂ ਸਤਿਕਾਰ ਦਿਤਾ ਗਿਆ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਜਦ ਗੁਰੂ ਨਾਨਕ ਨੇ ਭੁੱਖੇ ਸਾਧੂ ਦੇਖੇ, ਤਾਂ ਉਨ੍ਹਾਂ ਇੱਕ ਦਿਆਨਵਾਨ ਦੇ ਤੌਰ 'ਤੇ ਪੂਰੀ ਰਕਮ ਤਪਸਵੀਆਂ ਨੂੰ ਭੋਜਨ ਛਕਾਉਣ ਲਈ ਸਮਾਨ ਖਰੀਦਣ ਵਿਚ ਵਰਤੀ। ਜੋ ਹੋਰਾਂ ਨਾਲ ਸਾਂਝ ਪਾਉਣ ਅਤੇ ਸੇਵਾ ਕਰਨ ਦੀ ਭਾਵਨਾ ਉਪਰ ਰੋਸ਼ਨੀ ਪਾਉਂਦੀ ਹੈ। ਐਪੀਸੋਡ ਵਿਚ ਝਾਤ ਪਾਈ ਗਈ ਹੈ ਕਿ ਭੋਜਨ ਜੀਵਨ ਦਾ ਮੁੱਖ ਸਰੋਤ ਹੈ। ਜਦੋਂ ਇਸ ਨੂੰ ਵੰਡ ਕੇ, ਅਤੇ ਸਮਾਨਤਾ ਨਾਲ ਮਿਲ ਬੈਠ ਕੇ ਛਕਿਆ ਜਾਂਦਾ ਹੈ, ਤਾਂ ਇਹ ਦਇਆ ਅਤੇ ਏਕਤਾ ਦੀਆਂ ਭਾਵਨਾਵਾਂ ਨੂੰ ਜਗਾਉਂਦਾ ਹੈ। ਐਪੀਸੋਡ ਵਿਚ ਇਕ ਸਮੂਹਿਕ ਮੈਂਬਰ ਕਹਿੰਦਾ ਹੈ ਕਿ ਗੁਰੂ ਨਾਨਕ ਵਲੋਂ ਸ਼ੁਰੂ ਕੀਤਾ ਗਿਆ 'ਲੰਗਰ' ਸਭ ਲਈ ਸੀ। ਇਹ ਇਕ ਸੁੰਦਰ ਪਰੰਪਰਾ ਸੀ ਜੋ ਉਨ੍ਹਾਂ ਨੇ ਸ਼ੁਰੂ ਕੀਤੀ। ਲੰਗਰ ਪਰੰਪਰਾ ਗੁਰੂ ਨਾਨਕ ਦੇ ਸਮਾਨਤਾ, ਸੇਵਾ ਅਤੇ ਸਮਾਜਿਕ ਸਦਭਾਵਨਾ ਵਾਲੇ ਦ੍ਰਿਸ਼ਟੀਕੋਣ ਨੂੰ ਕਿਵੇਂ ਪ੍ਰਗਟ ਕਰਦੀ ਹੈ?

### ੪. ਗੁਰੂ ਨਾਨਕ ਦੀ 'ਸੱਚਾ ਸੌਦਾ' ਦੀ ਧਾਰਨਾ ਉਨ੍ਹਾਂ ਦੀ ਵਿਸ਼ਾਲ ਰੂਹਾਨੀ ਦ੍ਰਿਸ਼ਟੀ ਨਾਲ ਕਿਵੇਂ ਸੰਬੰਧਿਤ ਹੈ?

ਐਪੀਸੋਡ ਵਿੱਚ 'ਸੱਚਾ ਸੌਦਾ' ਦੀ ਧਾਰਨਾ ਨੂੰ ਉਸ 'ਸੱਚੇ ਵਪਾਰ' ਵਜੋਂ ਦਰਸਾਇਆ ਗਿਆ ਹੈ, ਜਿਸ ਵਿਚ ਗੁਰੂ ਨਾਨਕ ਨੇ ਵਪਾਰ ਲਈ ਦਿੱਤੇ ਗਏ ਧਨ ਨੂੰ ਭੁੱਖੇ ਤਪਸਵੀਆਂ ਨੂੰ ਛਕਾਉਣ ਲਈ ਵਰਤਿਆ। ਜਦ ਉਨ੍ਹਾਂ ਦੇ ਪਿਤਾ ਨੇ ਪ੍ਰਸ਼ਨ ਕੀਤਾ, ਤਾਂ ਗੁਰੂ ਨਾਨਕ ਨੇ ਸ਼ਾਂਤੀ ਨਾਲ ਉੱਤਰ ਦਿੱਤਾ ਕਿ ਉਨ੍ਹਾਂ ਨੂੰ ਭੁੱਖਿਆਂ ਨੂੰ ਖਿਲਾਉਣ ਨਾਲੋਂ ਵੱਡਾ ਪੁੰਨ ਅਤੇ ਲਾਭਦਾਇਕ ਵਪਾਰ ਹੋਰ ਕੋਈ ਨਹੀਂ ਲੱਗਾ। ਐਪੀਸੋਡ ਇਸ ਧਾਰਨਾ ਨੂੰ ਗੁਰੂ ਨਾਨਕ ਦੇ ਸ਼ਬਦ ਨਾਲ ਜੋੜਦਾ ਹੈ: ਮਨੁੱਖੀ ਸਰੀਰ ਉਸ ਦੁਕਾਨ, ਸ਼ਹਿਰ, ਕਿਲ੍ਹੇ ਜਾਂ ਗੋਦਾਮ ਦੀ ਤਰ੍ਹਾਂ ਹੈ, ਜਿੱਥੇ ਸਚ ਦੇ ਮਾਲ ਦਾ ਵਪਾਰ ਹੁੰਦਾ ਹੈ। ਗਿਆਨ ਸੰਸਾਰਿਕ ਡਰ ਨੂੰ ਦੂਰ ਕਰਦਾ ਹੈ। ਇਹ ਸਚੇ ਪਿਆਰ ਨੂੰ ਪ੍ਰਾਪਤ ਕਰਨ ਦੀ ਤਾਕੀਦ ਕਰਦਾ ਹੈ। ਜੇਕਰ ਮਨ ਨੂੰ ਸੰਤੁਲਿਤ ਰੱਖਿਆ ਜਾਵੇ, ਤਾਂ ਗੁਪਤ ਰਹੱਸ ਪ੍ਰਗਟ ਹੁੰਦੇ ਹਨ। 'ਸੱਚਾ ਸੌਦਾ' ਦੀ ਸਾਖੀ ਰਵਾਇਤੀ ਵਪਾਰ ਅਤੇ ਮੁੱਲ ਦੀ ਧਾਰਨਾ ਨੂੰ ਕਿਵੇਂ ਚੁਣੌਤੀ ਦਿੰਦੀ ਹੈ ਅਤੇ ਇਹ ਆਤਮਿਕ ਅਰਥਸ਼ਾਸਤਰ ਬਾਰੇ ਗੁਰੂ ਨਾਨਕ ਦੇ ਦ੍ਰਿਸ਼ਟੀਕੋਣ ਨੂੰ ਕਿਵੇਂ ਪੇਸ਼ ਕਰਦੀ ਹੈ?

### ੫. ਗੁਰੂ ਨਾਨਕ ਨੇ ਸਰਵ ਸ਼ਕਤੀਮਾਨ ਦੀ ਸਿਰਜੀ ਕੁਦਰਤ ਨਾਲ ਕਿਸ ਤਰ੍ਹਾਂ ਦਾ ਰਿਸ਼ਤਾ ਜੋੜਣ ਦੀ ਤਾਕੀਦ ਕੀਤੀ ਹੈ?

ਐਪੀਸੋਡ ਵਿਚ ਗੁਰੂ ਨਾਨਕ ਬਾਣੀ ਵਿਚੋਂ ਬਹੁਤ ਸਾਰੇ ਸਬਦਾਂ ਦੀ ਸਾਂਝ ਪਾਈ ਗਈ ਹੈ ਜੋ ਸਰਵ ਸ਼ਕਤੀਮਾਨ ਅਤੇ ਸ੍ਰਿਸ਼ਟੀ ਦੇ ਆਪਸੀ ਰਿਸ਼ਤੇ ਬਾਰੇ ਹਨ। ਰਾਗ ਸੂਹੀ ਵਿਚ ਉਹ ਕਹਿੰਦੇ ਹਨ:

"ਸਰਵਉਚ ਚੇਤਨਾ ਬ੍ਰਹਮੰਡ ਵਿੱਚ ਵਸਦੀ ਹੈ।" ਉਸਦੇ ਪ੍ਰਗਟਾਵੇ ਦੀ ਖੇਡ ਹੀ ਸਚ ਹੈ। ਸਿਰੀਰਾਗ ਵਿੱਚ, ਉਹ ਦਰਸਾਉਂਦੇ ਹਨ: ਹੇ ਸਿਰਜਣਹਾਰ, ਤੂੰ ਸਭ ਵਿੱਚ ਵਿਆਪਕ ਹੈਂ। ਤੂੰ ਸ੍ਰਿਸ਼ਟੀ ਰਚਕੇ ਆਪਣੇ ਆਪ ਨੂੰ ਲੁਕਾ ਲਿਆ। ਉਹ 'ਸ' ਅੱਖਰ ਨੂੰ ਉਸ ਇਕ ਚੇਤਨਾ ਨਾਲ ਜੋੜਦੇ ਹਨ ਜਿਸਨੇ ਸਾਰੀ ਸ੍ਰਿਸ਼ਟੀ ਰਚੀ। ਇਹ ਸਭ ਦਾ ਮੂਲ ਸਰੋਤ ਹੈ। ਇਹ ਐਪੀਸੋਡ ਦਰਸਾਉਂਦਾ ਹੈ ਕਿ ਇਕ ਉੱਚੀ ਸ਼ਕਤੀ ਦੇ ਹਿੱਸੇ ਵਜੋਂ, ਅਸੀਂ ਸਭ ਇਕੋ ਜਿਹੇ ਹਾਂ। ਭੇਦਭਾਵ ਅਹੰਕਾਰ ਕਾਰਣ ਪੈਦਾ ਹੁੰਦਾ ਹੈ। ਸ੍ਰਿਸ਼ਟੀ ਵਿਚ ਸਰਵ-ਵਿਆਪਕਤਾ ਦੀ ਇਹ ਧਾਰਨਾ ਗੁਰੂ ਨਾਨਕ ਦੇ ਸਮਾਨਤਾ ਦੇ ਦ੍ਰਿਸ਼ਟੀਕੋਣ ਅਤੇ ਉਨ੍ਹਾਂ ਦੀ ਭੇਦਭਾਵ ਵਿਰੋਧੀ ਸੋਚ ਦਾ ਆਧਾਰ ਕਿਵੇਂ ਬਣਦੀ ਹੈ?

੬. **ਗੁਰੂ ਨਾਨਕ ਆਪਣੇ ਦਰਸ਼ਨ ਵਿੱਚ ਅਹੰਕਾਰ ਦੀ ਧਾਰਨਾ ਨੂੰ ਕਿਵੇਂ ਸੰਬੋਧਨ ਕਰਦੇ ਹਨ?**
ਐਪੀਸੋਡ ਵਿਚ ਦਰਸਾਇਆ ਗਿਆ ਹੈ ਕਿ ਗੁਰੂ ਨਾਨਕ ਆਪਣੇ ਵੈਦ ਨੂੰ ਕਹਿੰਦੇ ਹਨ ਕਿ ਉਹ 'ਮੈਂ' (ਅਹੰਕਾਰ) ਦੀ ਬਿਮਾਰੀ ਤੋਂ ਪੀੜਿਤ ਹਨ, ਜੋ ਸਮਾਜਕ ਸੰਰਚਨਾ ਦੇ ਮੁਢਲੇ ਮੁੱਲਾਂ ਨੂੰ ਵਿਗਾੜ ਰਹੀ ਸੀ, ਜਿਸ ਨਾਲ ਮਨੁੱਖੀ ਸੰਬੰਧ ਟੁੱਟ ਰਹੇ ਸਨ। 'ਪੱਟੀ ਲਿਖੀ' ਸ਼ਬਦ ਦੀ ਵਿਆਖਿਆ ਕਰਦੇ ਹੋਏ, ਐਪੀਸੋਡ ਵਿਚ ਦੱਸਿਆ ਗਿਆ ਹੈ ਕਿ ਭੇਦਭਾਵ ਅਹੰਕਾਰ ਦਾ ਨਤੀਜਾ ਹੈ। ਜੋ ਇਸ ਸਚ ਨੂੰ ਸਮਝਦਾ ਹੈ, ਉਹੀ ਅਸਲੀ ਗਿਆਨੀ ਹੈ। ਵਿਆਹ ਦੀ ਗੱਲ ਕਰਦੇ ਹੋਏ, ਐਪੀਸੋਡ ਵਿਚ ਦੱਸਿਆ ਗਿਆ ਹੈ ਕਿ ਇਕ ਆਨੰਦਮਈ ਆਤਮਕ ਰਿਸ਼ਤਾ ਉਦੋਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਅਹੰਕਾਰ ਨੂੰ ਛੱਡਿਆ ਜਾਂਦਾ ਹੈ ਅਤੇ ਦਵੈਤ ਨੂੰ ਦੂਰ ਕੀਤਾ ਜਾਂਦਾ ਹੈ। ਗੁਰੂ ਨਾਨਕ ਵੱਲੋਂ ਅਹੰਕਾਰ ਦੀ ਆਲੋਚਨਾ ਉਨ੍ਹਾਂ ਦੇ ਵਿਸ਼ਾਲ ਸਮਾਜਿਕ ਸੰਦੇਸ਼ ਨੂੰ ਕਿਵੇਂ ਪ੍ਰੇਰਿਤ ਕਰਦੀ ਹੈ ਜੋ ਮਨੁੱਖੀ ਸੰਬੰਧਾਂ ਨੂੰ ਉੱਚਾ ਚੁੱਕਣ ਅਤੇ ਆਤਮਕ ਵਿਕਾਸ ਲਈ ਲਾਹੇਵੰਦ ਹੋ ਸਕਦੀ ਹੈ?

੭. **ਗੁਰੂ ਨਾਨਕ ਦੀ ਰੂਹਾਨੀ ਮਾਨਤਾ ਵਿਚ ਸਿੱਖਣ ਅਤੇ ਗਿਆਨ ਦੀ ਕੀ ਭੂਮਿਕਾ ਹੈ?**
ਐਪੀਸੋਡ ਵਿਚ ਰਾਗ ਧਨਾਸਰੀ ਵਿਚੋਂ ਗੁਰੂ ਨਾਨਕ ਬਾਣੀ ਦੇ ਸਬਦ ਨੂੰ ਉਧਰਿਤ ਕੀਤਾ ਗਿਆ ਹੈ: ਜਦ ਤਕ ਅਸੀਂ ਇਸ ਦੁਨੀਆ ਵਿਚ ਹਾਂ, ਨਾਨਕ ਕਹਿੰਦੇ ਹਨ, ਗਿਆਨ ਪ੍ਰਾਪਤ ਕਰਨ ਅਤੇ ਇਸ ਨੂੰ ਵੰਡਣ ਦਾ ਯਤਨ ਕਰੋ। ਇਸ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਗੁਰੂ ਨਾਨਕ ਨੇ ਅਨੁਭਵ ਅਧਾਰਿਤ ਗਿਆਨ ਦਾ ਇਕ ਵੱਡਾ ਭੰਡਾਰ ਛੱਡਿਆ, ਜੋ ਮਾਨਵਤਾ ਨੂੰ ਆਪਣੇ ਜੀਵਨ ਦੇ ਹਰ ਪੜਾਅ ਵਿਚ ਸਿੱਖਿਆਰਥੀ ਬਣੇ ਰਹਿਣ ਲਈ ਪ੍ਰੇਰਿਤ ਕਰਦਾ ਹੈ। ਪਟੀ ਬਾਣੀ ਵਿਚ ਉਨ੍ਹਾਂ ਹਰ ਅਖਰ ਦੀ ਕੀਤੀ ਦੈਵੀ ਵਿਆਖਿਆ ਰਾਹੀਂ ਏਕਤਾ ਬਾਰੇ ਇਕ ਗਹਿਰੀ ਆਤਮਿਕ ਸੂਝ ਪ੍ਰਦਾਨ ਕੀਤੀ। ਐਪੀਸੋਡ ਵਿਚ ਇਹ ਵੀ ਸਾਂਝ ਪਾਈ ਗਈ ਹੈ ਕਿ ਮਨੁੱਖੀ ਸਰੀਰ, ਰੂਹ ਲਈ ਇੱਕ ਮੰਦਰ ਹੈ, ਜਿਸ ਵਿਚ ਆਤਮ-ਜਾਗਰੂਕਤਾ ਦਾ ਗਿਆਨ ਉਜਾਗਰ ਕਰਨ ਦੀ ਲੋੜ ਹੈ। ਗੁਰੂ ਨਾਨਕ ਮਨੁੱਖੀ ਜੀਵਨ ਦੇ ਉਦੇਸ਼

ਹਿਤ ਰੂਹਾਨੀ ਵਿਕਾਸ ਲਈ ਨਿਰੰਤਰ ਸਿੱਖਣ ਅਤੇ ਗਿਆਨ ਪ੍ਰਾਪਤੀ ਨੂੰ ਕਿਵੇਂ ਤਰਜ਼ੀਹ ਦਿੰਦੇ ਹਨ?


**ਈਮੇਲ: onenessindiversityfoundation@gmail.com**